People's Herald
Rs- 100/month
People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610
"Equality and Justice"
स्वतंत्रता, समानता, भाईचारा
PATIALA On line paper 03 ਜੂਨ 2025 ਮੰਗਲਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## ਬੇਗਮਪੁਰਾ ਵਸਾਉਣ ਵਾਲੇ ਅੰਦਰ ਕਰ ਦਿੱਤੇ, ਗੜ੍ਹੀ ਸਾਹਬ ਦਾ ਕੀ ਦੋਸ਼ ?

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਆਮ ਲੋਕਾਂ ਵਿੱਚ ਚਰਚਾ ਹੈ ਕਿ ਜਦੋਂ ਤੋਂ ਜਸਵੀਰ ਸਿੱਘ ਗੜ੍ਹੀ ਨੇ ਜਦੋਂ ਤੋਂ ਐਸਸੀ ਕਮਿਸ਼ਨ ਦੇ ਚੇਅਰਮੈਨ ਦਾ ਔਹਦਾ ਸੰਭਾਲਿਆ ਹੈ, ਬਾਬਾ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਅਤੇ ਖਾਲਿਸਤਾਨ ਪੱਖੀਆਂ ਅਤੇ ਪੰਨੂ ਦੇ ਨਾਹਰੇ ਅਤੇ ਹੌਸਲੇ ਬੁਲੰਦ ਹੋਏ ਹਨ ਬੁੱਤਾਂ ਦੇ ਨੁਕਸਾਨ ਕਰਨ ਦੇ ਮਾਮਲਿਆਂ ਵਿੱਚ ਤੇਜੀ ਆਈ ਹੈ,

ਇਸ ਤਰਾਂ ਚਰਚਾ ਹੈ 2024 ਤੱਕ ਬੇਗਮਪੁਰਾ ਵਸਾਉਣ ਦੇ ਸੰਕਲਪ ਤੇ ਕੰਮ ਕਰਨ ਦੇ ਵੱਡੇ ਵੱਡੇ ਭਾਸ਼ਨ ਦੇਣ ਵਾਲੇ ਐਸਸੀ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੱਘ ਗੜ੍ਹੀ ਦਾ 937 ਏਕੜ ਲਈ ਸੰਘਰਸ਼ ਕਰਕੇ ਬੇਗਮਪੁਰਾ ਵਸਾਉਣ ਵਾਲਿਆਂ ਨੂੰ ਜੇਲ ਵਿੱਚ ਬੰਦ ਕਰਨ ਦੇ ਕੀ ਹੱਥ ਹੋ ਸਕਦਾ ਹੈ, ਤਰਾਂ ਤਰਾਂ ਦੀ ਚਰਚਾ ਆਮ ਲੋਕ ਕਰ ਰਹੇ



ਹਨ, ਪਰ ਸਾਫ ਕੁੱਝ ਵੀ ਨਹੀਂ ਹੈ। ਪਰ ਲਗਦਾ ਹੈ ਹੁਣ ਬੇਗਮਪੁਰਾ ਸੰਕਲਪ ਨਾਲੋ ਔਹਦਾ ਵੱਡਾ ਹੋ ਗਿਆ ਹੈ

## ਪੰਜਾਬ ਅੰਦਰ ਵਾਰ ਵਾਰ ਹੋ ਰਿਹਾ ਬਾਬਾ ਸਾਹਿਬ ਡਾ. ਅੰਬੇਡਕਰ ਦਾ ਨਿਰਾਦਰ ਭਗਵੰਤ ਮਾਨ ਅਸਤੀਫ਼ਾ ਦੇਵੇ- ਅੰਮ੍ਰਿਤਪਾਲ ਭੌਂਸਲੇ

### ਪੰਜਾਬ 'ਚ ਦੰਗੇ ਭੜਕਾਉਣ ਦੀ ਨੀਯਤ ਨਾਲ ਗੁਰਪਤਵੰਤ ਸਿੰਘ ਪੰਨੂ ਨਾਲ ਕਰਾਂ ਰਿਹਾ ਬੇਅਦਬੀਆਂ- ਭੌਂਸਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਫਿਲੌਰ/ ਅੱਪਰਾ (ਦੀਪਾ)- ਦਲਿਤ ਸਮਾਜ ਦੇ ਪੰਜਾਬ ਦੇ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਇਕ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਬੀਤੀਂ ਰਾਤ 12.27 ਵਜੇ ਫਿਲੌਰ ਦੇ ਪਿੰਡ ਨੰਗਲ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਂਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਉਸਤੇ ਕਾਲੇ ਰੰਗ ਦੀ ਸਪਰੇਅ ਮਾਰ ਕੇ ਉਸ ਦੀ ਬੇਅਬਦੀ ਕੀਤੀ ਗਈ ਹੈ। ਜਿਸ ਨਾਲ ਸਮੁੱਚੇ ਵਿਸ਼ਵ ਭਰ ਦੀਆਂ ਅੰਬੇਡਕਰਵਾਦੀ ਲੋਕਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਸੰਵਿਧਾਨ ਨਿਰਮਾਤਾ ਦਾ ਨਿਰਾਦਰ ਹੋਇਆ। ਪੰਜਾਬ 'ਚ ਦੰਗੇ ਭੜਕਾਉਣ ਦੀ ਨੀਯਤ ਨਾਲ ਗੁਰਪਤਵੰਤ ਸਿੰਘ ਪੰਨੂ ਨਾਲ ਕਰਾਂ ਰਿਹਾ ਬੇਅਦਬੀਆਂ ਅਤੇ ਇਹੋ ਜਿਹੀਆਂ ਘਟਨਾਵਾਂ ਨੂੰ ਅੰਜ਼ਾਮ ਦੇ ਰਿਹਾ ਹੈ। ਸ੍ਰੀ ਭੌਂਸਲੇ ਨੇ ਅੱਗੇ ਕਿਹਾ ਕਿ ਪੰਜਾਬ ਅੰਦਰ ਲਾਅ ਐਂਡ ਆਰਡਰ ਦਾ ਮਾੜਾ ਹਾਲ ਅਤੇ ਵਾਰ ਵਾਰ ਬਾਬਾ ਸਾਹਿਬ ਦੇ ਸਟੈਂਚੂ ਦਾ ਨਿਰਾਦਰ ਹੋਣਾ ਬਹੁਤ ਨਿੰਦਣਯੋਗ ਹੈ। ਅਜਿਹੀਆਂ ਘਟਨਾਵਾਂ ਵਾਪਰਨੀਆਂ ਆਪ ਸਰਕਾਰ ਦੇ ਫੇਲ੍ਹ ਹੋਣ ਦੀ ਨਿਸ਼ਾਨੀ ਹੈ। ਸ੍ਰੀ ਭੌਂਸਲੇ ਨੇ ਕਿਹਾ ਕਿ ਪੰਜਾਬ ਦਾ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਹਨ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ ਹੈ ਕਿਉਂਕਿ ਉਨ੍ਹਾਂ ਨੂੰ ਦੀਆਂ ਖੁਫ਼ੀਆ ਏਜੰਸੀਆਂ ਇਹੋ ਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਫੇਲ੍ਹ ਰਹੀਆਂ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅੰਦਰ ਦਲਿਤ ਸਮਾਜ ਦੀ ਹਾਲਤ ਤਰਸਯੋਗ ਹੈ ਦੇਸ਼ ਅੰਦਰ ਜਿਥੇ ਭਾਰਤ ਦੇ ਸੰਵਿਧਾਨ ਖ਼ਤਰਾ ਹੈ ਉਥੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਸਟੈਂਚੂਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਵੀ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਜੇਕਰ 24 ਘੰਟਿਆਂ ਵਿੱਚ ਦੋਸ਼ੀ ਗਿਰਫ਼ਤਾਰ ਨਾ ਹੋਏ ਮਜ਼ਬੂਰਨ ਦਲਿਤ ਸਮਾਜ ਨੂੰ ਸੜਕਾਂ ਤੇ ਉਤਰਨਾਂ ਪਵੇਗਾ।ਇਸ ਸਮੇਂ ਡਾ. ਹਰਜਿੰਦਰ ਜੱਖੂ, ਅੰਬੇਡਕਰ ਸੈਨਾ ਆਫ਼ ਇੰਡੀਆ ਪੰਜਾਬ ਦੇ ਵਾਇਸ ਪ੍ਰਧਾਨ ਰਜਿੰਦਰ ਕਜਲੇ,



ਸ੍ਰੀ ਤਾਰਾ ਚੰਦ ਜੱਖੂ, ਰਾਜਕੁਮਾਰ ਸੰਧੂ, ਗੁਲਸ਼ਨ ਮਸੰਦਪੁਰ ਜ਼ਿਲ੍ਹਾ ਪ੍ਰਧਾਨ ਅੰਬੇਡਕਰ ਸੈਨਾ ਆਫ਼ ਇੰਡੀਆ, ਅੰਮ੍ਰਿਤਪਾਲ ਤੇਹਿੰਗ, ਅਸ਼ੋਕ ਰੱਤੂ, ਵਿਪਨ ਗੰਨਾ ਪਿੰਡ, ਪ੍ਰਵੀਨ ਮਨਸੂਰਪੁਰ, ਆਜ਼ਾਦ ਕੁਮਾਰ, ਲਲਿਤ ਮੱਲ੍ਹ, ਜਗਤਾਰ ਚੰਦ ਸਾਬਕਾ ਸਰਪੰਚ, ਜਸਪਾਲ ਗਿੰਡਾ, ਰਾਏ ਬਰਿੰਦਰ ਕੌਂਸਲਰ, ਮਨੋਜ ਕੁਮਾਰ ਸੰਧੂ ਆਦਿ ਸਮਾਜ ਦੇ ਆਗੂ ਵੀ ਹਾਜ਼ਰ ਸਨ।

## ਸਰਕਾਰ ਅਤੇ ਵਿਰੋਧੀ ਦਲ ਚਾਹੁਣ ਤਾਂ ਬਹੁਜਨ ਸਮਾਜ ਵਿੱਚ ਪੈਦਾ ਹੋਏ ਕਿਸੇ ਵੀ ਰਹਿਬਰ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ

### 75 ਸਾਲਾਂ ਵਿੱਚ ਭਾਰਤੀਆਂ ਨੇ ਦੇਖ ਲਿਆ ਹੈ ਸਾਰੇ ਰਾਜਨੀਤਿਕ ਦਲ ਕੇਵਲ ਸਰਕਾਰਾਂ ਬਦਲਦੇ ਆ ਰਹੇ ਹਨ ਪਰ ਕਦੇ ਵੀ ਸ਼ੋਸ਼ਣਵਾਦੀ ਵਿਵਸਥਾ ਨਹੀਂ ਬਦਲਦੇ, ਇਸੇ ਕਾਰਨ ਭਾਰਤ ਦਾ ਧਨ ਕੁੱਝ ਖਾਸ ਲੋਕਾਂ ਦੇ ਹੱਥਾਂ ਵਿੱਚ ਇੱਕੱਠਾ ਹੋ ਰਿਹਾ ਹੈ, ਅਨੁਪਾਤ ਵਿੱਚ ਆਮ ਜਨਤਾ ਗਰੀਬ ਲੋਕ ਅਤੇ ਸਰਕਾਰਾਂ ਕਰਜਦਾਰ ਹੋ ਰਹੀਆਂ ਹਨ









"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਸਮਾਨਤਾਵਾਦੀ ਅਤੇ ਅਸਮਾਨਤਾਵਾਦੀ ਵਿਚਾਰਧਾਰਾ ਵਿੱਚ ਸੰਘਰਸ਼ ਹੋਣ ਕਾਰਨ ਭਾਰਤੀ ਬਹੁਜਨ ਸਮਾਜ ਨੂੰ ਹਮੇਸ਼ਾ ਗਰੀਬ, ਗੁਲਾਮ ਬਣਾਕੇ ਰਖਣ ਦੀ ਮਾਨਸ਼ਿਕਤਾ ਵਾਲੇ ਦਲ ਅਤੇ ਨੇਤਾ ਲੋਕ ਬਸਪਾ ਤੋਂ ਤਾਂ ਬਰਾਬਰੀ ਦੀ ਦੂਰੀ ਬਣਾਕੇ ਰਖਦੇ ਹੋਏ ਇਕ ਰਾਜਨੀਤੀ ਦੇ ਸਮੁੰਦਰ ਵਿੱਚ ਘੁੰਮਦੀਆਂ ਛੋਟੀਆਂ ਵੱਡੀਆਂ ਸਿਆਸੀ ਪਾਰਟੀਆਂ ਜਿਵੇਂ ਅਕਾਲੀ ਦਲ ਤੋਂ ਕਾਂਗਰਸ ਵਿੱਚ, ਫੇਰ ਛਾਲ ਮਾਰਕੇ ਭਾਜਪਾ ਵਿੱਚ ਉਸ ਦੇ ਬਾਅਦ ਆਮ ਆਦਮੀ ਪਾਰਟੀ ਦੀ ਕਿਸ਼ਤੀ ਵਿੱਚ ਸਵਾਰ ਹੁੰਦੇ ਆਮ ਦਿਖਾਈ ਦਿੰਦੇ ਰਹਿੰਦੇ ਹਨ। ਪਰ ਕਦੇ ਵੀ ਉਹ ਸੰਵਿਧਾਨ ਦੀ ਮੂਲਭਾਵਨਾ ਸਮਾਨਤਾਵਾਦੀ ਵਿਚਾਰਧਾਰਾ ਅਨੁਸਾਰ ਕੰਮ ਕਰਨ ਵਾਲੀ ਪਾਰਟੀ ਬਹੁਜਨ ਸਮਾਜ ਦੀ ਪਾਰਟੀ ਤੋਂ ਦੂਰ ਰਹਿੰਦੇ ਹਨ

ਇਸ ਲਈ ਇਹ ਕੁੱਝ ਲੋਕ ਆਪਣੀ ਸ਼ੋਸ਼ਣਵਾਦੀ ਮਾਨਸ਼ਿਕਤਾ ਨਾਲ ਮੇਲ ਖਾਂਦੀਆਂ ਪਾਰਟੀਆਂ ਵਿੱਚ ਇਸੇ ਇੱਕ ਨੂੰ ਛੱਡਦੇ ਹਨ ਦੂਜੇ ਵਿੱਚ ਸ਼ਾਮਲ ਹੋ ਜਾਂਦੇ ਹਨ, ਅਜਿਹਾ ਕਰਕੇ ਇਹ 90% ਆਮ ਜਨਤਾ ਨੂੰ ਧੋਖਾ ਦਿੰਦੇ ਰਹਿੰਦੇ ਹਨ। ਇਹਨਾਂ ਸਾਰੀਆਂ ਪਾਰਟੀਆਂ ਦੀ ਵਿਚਾਰਧਾਰਾਵਾਂ 19-21 ਦਾ ਫਰਕ ਨਾਲ ਮੇਲ ਖਾਂਦੀਆਂ ਹਨ, ਸਾਰੀਆਂ ਪਾਰਟੀਆਂ ਦੇ ਕੰਮ ਢੰਗ ਵਿੱਚ ਵੀ ਕੋਈ ਅੰਤਰ ਨਹੀਂ, ਇਹ ਪਾਰਟੀਆਂ ਸਰਕਾਰਾਂ ਬਦਲਦੀਆਂ ਹਨ ਪਰ 90% ਆਮ ਜਨਤਾ ਦੇ ਸ਼ੋਸ਼ਣ ਕਰਨ ਦੀ ਵਿਵਸਥਾ ਵਿੱਚ ਕਦੇ ਵੀ ਅੰਦਰ ਨਹੀਆਂ ਆਉਂਦਾ। ਲਗਭਗ 100 ਸਾਲਾਂ ਤੇ ਖਾਸ ਵਰਗ ਦੇ ਲੋਕ ਅਮੀਰ ਅਤੇ ਧਨਕੁਬੇਰ ਬਣਦੇ ਜਾ ਰਹੇ ਹਨ, ਉਸ ਦੇ ਉਲਟ ਦੂਜੇ ਵਰਗ ਦੇ ਲੋਕ ਔਸਤਨ ਹੋਰ ਗਰੀਬ, ਕਰਜਦਾਰ ਹੁੰਦੇ ਜਾ ਰਹੇ ਹਨ। ਇਙ ਖਾਸ ਅਮੀਰ ਲੋਕ ਮਲਟੀਸਟੋਰੀ ਬਿਲਡਿੰਗਾਂ, ਵੱਡੇ ਮੌਲ ਅਤੇ ਹੋਰ ਕੁੱਢ ਦਿਨਾ ਵਿੱਚ ਭਣਾਕੇ ਖੜੀਆ ਕਰ ਦਿੰਦੇ ਹਨ ਪਰ ਗਰੀਬ 90% ਜਨਤਾ 2 ਵਿਸਵੇ ਦੇ ਪਲਾਟਾਂ ਲਈ ਕੱ ਪੀੜੀਆਂ ਤਕ ਤਰਸਦੇ ਜੀਵਨ ਪੂਰਾ ਕਰ ਜਾਂਦੇ ਹਨ। ਜਿਸ ਦੇ ਅੰਕੜੇ ਕੋਈ ਵੀ ਨੈਟ ਤੋਂ ਦੇਖ ਸਕਦਾ ਹੈ।

ਇਹ ਲੋਕ ਇਸ ਲਈ ਅਸਾਨੀ ਨਾਲ ਪਾਰਟੀ ਬਦਲ ਲੈਂਦੇ ਹਨ ਕਿ ਇਹਨਾ ਨੂੰ ਆਪਣੀ ਵਿਚਾਰਧਾਰਾ ਬਦਲਣ ਦਾ ਕੋਈ ਡਰ ਨਹੀਂ ਹੁੰਦਾ, ਇਸ ਅਸਾਨੀ ਨਾਲ ਕਿਸੇ ਵੀ ਪਾਰਟੀ ਵਿੱਚ ਜਾ ਕੇ ਫਿਟ ਹੋ ਜਾਂਦੇ ਹਨ। ਬੇਸ਼ੱਕ ਪਾਰਟੀ ਵਿੱਚ ਰੁਤਬੇ ਨੂੰ ਲੈ ਕੇ ਕਈ ਲੋਕ ਵਾਪਸ ਪੁਰਾਣੀ ਪਾਟੀ ਵਿੱਚ ਵੀ ਮੁੜਦੇ ਦੇਖੇ ਜਾਂਦੇ ਹਨ

ਇਹਨਾ ਦਾ ਸਾਥ ਦੇਣ ਵਿੱਚ ਕੁੱਝ ਦਲਿਤ ਜਮਾਤ ਦੇ ਸਵਾਰਥੀ ਬੇਇਮਾਨ ਲੋਕ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਬਾਬਾ ਸਾਹਿਬ ਦੀਆਂ ਫੋਟੋਆਂ ਅਤੇ ਸਮਾਨਤਾਵਾਦੀ ਵਿਚਾਰਧਾਰਾ ਨੂੰ ਅਸਮਾਨਤਾਵਾਦੀ, ਉੱਤੇ ਨੀਚ, ਵਿਤਕਰੇਵਾਦੀ ਮਾਨਸ਼ਿਕਤਾ ਨਾਲ ਕੰਮ ਕਰਨ ਦੀ ਵਿਚਾਰਧਾਰਾ ਵਾਲਿਆਂ ਦੇ ਕਦਮਾ ਵਿੱਚ ਰੱਖ ਕੇ ਆਪਣੇ ਲਈ ਔਹਦੇ ਅਤੇ ਕਿਸੇ ਹੋਰ ਲਾਭ ਦੀ ਭੀਖ ਦੀ ਉਮੀਦ ਕਰਦੇ ਦਿਖਾਈ ਦਿੰਦੇ ਹਨ।

ਇਹ ਲੋਕ ਹੀ ਅਸਲ ਵਿੱਚ ਬਾਬਾ ਸਾਹਿਬ ਅਤੇ ਹੋਰ ਰਹਿਬਰਾਂ ਦੇ ਹੋ ਰਹੇ ਅਪਮਾਨ ਦੇ ਜਿੰਮੇਵਾਰ ਕਹੇ ਜਾ ਸਕਦੇ ਹਨ, ਕਿਉਂਕਿ ਕੁੱਝ ਦਲਿਤ ਪਾਲਤੂ ਲੋਕ ਹੀ ਦਲਿਤ ਸਮਾਜ ਦੇ ਰਾਜਨੀਤਿਕ ਸ਼ਕਤੀ ਨੂੰ ਕਮਜੋਰ ਕਰਦੇ ਹੋਏ ਦਲਿਤ ਸਮਾਜ ਨੂੰ ਪਾਲਤੂ ਅਤੇ ਆਟਾ ਦਾਲ ਵਰਗੀਆਂ ਰਾਹਤਾਂ ਉੱਤੇ ਪਲਦੇ ਰਹਿਣ ਦੀ ਸਿੱਖਿਆ ਦੇ ਆਪੂੰ ਪੁਨ ਖਟਣ ਦਾ ਸ਼ਿਹਰਾ ਲੈਂਦੇ ਦਿਖਦੇ ਹਨ। ਇਸ ਕਾਰਨ ਰਹਿਬਰਾਂ ਦੇ ਬੁਤਾਂ ਨੂੰ ਨੁਕਸਾਨ ਪਹੁੰਚਾਕੇ ਜਾ ਹੋਰ ਕਰਮ ਕਰਕੇ ਦਲਿਤਾਂ ਤੋਂ ਦਲਿਤਾਂ ਦੀ ਫਿਲਾਸਫੀ ਅਤੇ ਮਾਨਸ਼ਿਕਤਾਨੂੰ ਨੁਕਸਾਨ ਪਹੁੰਚਾਉਣ ਦੇ ਚਲਦੇ ਹਨ ਅਤੇ ਰਹਿਣਗੇ

# ਮਲਵਿੰਦਰ ਕੰਗ ਦਾ ਬਿੱਟੂ ਨੂੰ ਸਵਾਲ: ਪੰਜਾਬ ਭਾਜਪਾ ਨੂੰ ਕੌਣ ਚਲਾਉਂਦਾ ਹੈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਭਾਜਪਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ‘ਤੇ ਤਿੱਖਾ ਹਮਲਾ ਕਰਦੇ ਹੋਏ ‘ਆਪ’ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਉਨ੍ਹਾਂ ‘ਤੇ ਪੰਜਾਬ ਦੀ ਭਲਾਈ ਦੀ ਬਜਾਏ ਆਪਣੇ ਨਿੱਜੀ ਲਾਭਾਂ ਨੂੰ ਤਰਜੀਹ ਦੇਣ ਦਾ ਦੋਸ਼ ਲਗਾਇਆ। ਕੰਗ ਨੇ ਬਿੱਟੂ ਨੂੰ ਸਵਾਲ ਕੀਤਾ ਕਿ ਪੰਜਾਬ ਭਾਜਪਾ ਨਿਰਦੇਸ਼ ਕਿੱਥੋਂ ਲੈਂਦੀ ਹੈ, ਕੀ ਉਹ ਦਿੱਲੀ ਦੀ ਕੇਂਦਰੀ ਲੀਡਰਸ਼ਿਪ ਤੋਂ ਨਿਰਦੇਸ਼ ਨਹੀਂ ਲੈਂਦੀ?

ਉਨ੍ਹਾਂ ਨੇ ਪੰਜਾਬ ਨਾਲ ਸਬੰਧਿਤ ਮਹੱਤਵਪੂਰਨ ਮੁੱਦਿਆਂ ‘ਤੇ ਚੁੱਪ ਰਹਿਣ ਲਈ ਬਿੱਟੂ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ‘ਤੇ ਭਾਜਪਾ ਦੀਆਂ ਨੀਤੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ, ਜਿਸ ਨੇ ਲਗਾਤਾਰ ਸੂਬੇ ਨਾਲ ਵਿਤਕਰਾ ਕੀਤਾ ਹੈ।

ਕੰਗ ਨੇ ਬਿੱਟੂ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਭਾਜਪਾ ਦੀ ਸਰਪ੍ਰਸਤੀ ਹੇਠ ਰਾਜਸਥਾਨ ਤੋਂ ਰਾਜ ਸਭਾ ਸੀਟ ਹਾਸਲ ਕਰਨ ਲਈ ਕਾਂਗਰਸ ਵਿੱਚ ਆਪਣੇ ਪਰਿਵਾਰ ਦੀ ਸਾਲਾਂ ਪੁਰਾਣੀ ਵਿਰਾਸਤ ਨੂੰ ਤਿਆਗ ਦਿੱਤਾ। ਕੰਗ ਨੇ ਕਿਹਾ, “ਬਿੱਟੂ ਨੇ ਨਿੱਜੀ ਲਾਭ ਲਈ ਪੰਜਾਬ ਦੇ ਹਿੱਤਾਂ ਦਾ ਸੌਦਾ ਕੀਤਾ ਅਤੇ ਇੱਕ ਅਜਿਹੀ ਪਾਰਟੀ ਨਾਲ ਗੱਠਜੋੜ ਕੀਤਾ ਹੈ ਜਿਸ ਨੇ ਵਾਰ-ਵਾਰ ਸੂਬੇ ਨਾਲ ਬੁਰਾ ਸਲੂਕ ਕੀਤਾ ਹੈ।”

ਉਨ੍ਹਾਂ ਨੇ ਭਾਜਪਾ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ, ਸੈਨੇਟ ਚੋਣਾਂ ਨਾ ਕਰਵਾਉਣ ਅਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਬਕਾਇਆ ਫ਼ੰਡ ਜਾਰੀ ਨਾ ਕਰਨ ਵਰਗੇ ਮਹੱਤਵਪੂਰਨ ਮੁੱਦਿਆਂ ‘ਤੇ ਬਿੱਟੂ ਦੀ ਨਾਕਾਮੀ ਵੱਲ ਇਸ਼ਾਰਾ ਕੀਤਾ। ਕੰਗ ਨੇ ਕਿਹਾ, “ਜਦੋਂ ਪੰਜਾਬ ਦੇ ਹੱਕਾਂ ‘ਤੇ ਹਮਲਾ ਹੋਇਆ, ਜਦੋਂ ਭਾਜਪਾ ਨੇ ਫੰਡਿੰਗ ਬੰਦ ਕਰ ਦਿੱਤੀ ਅਤੇ ਸਿੱਖ ਜੱਜਾਂ ਦੀਆਂ ਨਿਆਂਇਕ ਨਿਯੁਕਤੀਆਂ ਨੂੰ ਰੋਕ ਦਿੱਤਾ, ਤਾਂ ਬਿੱਟੂ ਚੁੱਪ ਕਿਉਂ ਸਨ।”

ਕੰਗ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ‘ਤੇ ਪੰਜਾਬ ਨਾਲ ਵਿਤਕਰਾ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਬਿੱਟੂ ਇਨ੍ਹਾਂ ਬੇਇਨਸਾਫ਼ੀਆਂ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ “ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਲੈ ਕੇ ਨੌਜਵਾਨਾਂ ਦੇ ਰੁਜ਼ਗਾਰ ਅਤੇ ਹਾਈ ਕੋਰਟ ਦੀਆਂ ਨਿਆਂਇਕ ਨਿਯੁਕਤੀਆਂ ਤੱਕ, ਬਿੱਟੂ ਕਦੇ ਪੰਜਾਬ ਲਈ ਖੜ੍ਹੇ ਨਹੀਂ ਹੋਏ। ਉਨ੍ਹਾਂ ਦਾ ਪਖੰਡ ਉਦੋਂ ਸਪੱਸ਼ਟ



ਹੋਇਆ ਜਦੋਂ ਉਹ ਭਾਜਪਾ ਦੇ ਵਿਸ਼ੇਸ਼ ਅਧਿਕਾਰਾਂ ਦਾ ਆਨੰਦ ਲੈਂਦੇ ਹੋਏ ਸੂਬੇ ਲਈ ਬੋਲਣ ਦਾ ਦਾਅਵਾ ਕਰਦੇ ਹਨ।”

‘ਆਪ’ ਆਗੂ ਨੇ ਭਾਜਪਾ ਦੀਆਂ ਕੇਂਦਰੀ ਨੀਤੀਆਂ ਨੂੰ ਪੰਜਾਬ ਵਿਰੋਧੀ ਦੱਸਿਆ ਅਤੇ ਬਿੱਟੂ ‘ਤੇ ਵਿਸ਼ਵਾਸਘਾਤ ਵਿੱਚ ਸਰਗਰਮ ਭਾਗੀਦਾਰ ਹੋਣ ਦਾ ਦੋਸ਼ ਲਗਾਇਆ। ਕੰਗ ਨੇ ਕਿਹਾ, “ਪੰਜਾਬ ਦੇ ਲੋਕ ਬਿੱਟੂ ਦੇ ਸਵਾਰਥੀ ਇਰਾਦਿਆਂ ਨੂੰ ਸਮਝਦੇ ਹਨ ਅਤੇ ਜਾਣਦੇ ਹਨ ਕਿ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਲਈ ਬਿੱਟੂ ‘ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।”

# ਲੁਧਿਆਣਾ ਜ਼ਿਮਨੀ ਚੋਣ: ਕੁੱਲ 22 ਉਮੀਦਵਾਰਾਂ ਨੇ ਭਰੇ ਨਾਮਜ਼ਦਗੀ ਪੇਪਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਆਖਰੀ ਦਿਨ 8 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64- ਲੁਧਿਆਣਾ ਪੱਛਮੀ ਸੀਟ ਲਈ ਅੱਜ ਭਾਰਤੀ ਜਨਤਾ ਪਾਰਟੀ ਤੋਂ ਉਮੀਦਵਾਰ ਜੀਵਨ ਗੁਪਤਾ ਅਤੇ ਸੁਨੀਤਾ ਰਾਨੀ (ਕਵਰਿੰਗ ਉਮੀਦਵਾਰ) ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਨਵਨੀਤ ਕੁਮਾਰ ਨੇ ਨਾਮਜ਼ਦਗੀ ਦਾਖ਼ਲ ਕੀਤੀ ਹੈ। ਉੱਥੇ ਹੀ 5 ਆਜ਼ਾਦ ਉਮੀਦਵਾਰਾਂ ਹਰਮਿੰਦਰ ਅਰੋੜਾ, ਭੋਲਾ ਸਿੰਘ, ਰੇਨੂੰ, ਪਵਨਦੀਪ ਸਿੰਘ ਅਤੇ ਗੁਰਦੀਪ ਸਿੰਘ ਕਾਹਲੋਂ ਵੱਲੋਂ ਨਾਮਜ਼ਦਗੀ ਭਰੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਨਾਮਜ਼ਦਗੀ ਭਰਨ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 22 ਹੋ ਗਈ ਹੈ।

ਜ਼ਿਕਰਯੋਗ ਹੈ ਕਿ



ਨਾਮਜ਼ਦਗੀ ਪੱਤਰਾਂ ਦੀ ਪੜਤਾਲ 3 ਜੂਨ ਨੂੰ ਕੀਤੀ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅੰਤਿਮ ਮਿਤੀ 5 ਜੂਨ ਹੈ।

# ਅੰਮ੍ਰਿਤਸਰ ‘ਚ ਸ੍ਰੀ ਦਰਬਾਰ ਸਾਹਿਬ ਨੇੜੇ ਬੇਅਦਬੀ, ਗੁਰੂ ਅਰਜਨ ਨਿਵਾਸ ਸਰਾਂ ਨੇੜੇ ਗੁਟਕਾ ਸਾਹਿਬ ਦੇ ਪਾੜੇ ਅੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਜਿੱਥੇ ਇੱਕ ਪਾਸੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਸ਼ਹੀਦੀ ਦਿਹਾੜੇ ਚੱਲ ਰਹੇ ਹਨ ਤੇ 6 ਜੂਨ ਨੂੰ ਵੱਡਾ ਘੱਲੂਘਾਰਾ ਦਿਵਸ ਮਨਾਇਆ ਜਾਵੇਗਾ। ਉਸ ਨੂੰ ਲੈ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸੇ ਚੱਪੇ ਚੱਪੇ ਤੇ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਤੈਨਾਤ ਕੀਤੀ ਗਈ ਹੈ ਅਤੇ ਇਸ ਦੌਰਾਨ ਦਰਬਾਰ ਸਾਹਿਬ ਦੇ ਬਾਹਰ ਬੇਅਦਬੀ ਹੋਣ ਦੀ ਇੱਕ ਵੱਡੀ ਘਟਨਾ ਸਾਹਮਣੇ ਆਈ ਹੈ।

ਜਾਣਕਾਰੀ ਮੁਤਾਬਕ ਦਰਬਾਰ ਸਾਹਿਬ ਦੇ ਬਾਹਰ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਦੇ ਨਜ਼ਦੀਕ ਇੱਕ ਵਿਅਕਤੀ ਵੱਲੋਂ ਬੇਅਦਬੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਮੁਲਜ਼ਮ ਵੱਲੋਂ ਗੁਟਕਾ ਸਾਹਿਬ ਦੇ ਅੰਗ ਫਾੜੇ ਗਏ ਹਨ। ਜਦਕਿ ਮੌਕੇ ‘ਤੇ ਹੀ ਸੰਗਤ ਵੱਲੋਂ ਉਸ ਆਰੋਪੀ ਨੂੰ ਕਾਬੂ ਕਰਕੇ ਪੁਲਿਸ ਦੇ ਹਵਾਲੇ ਕਰ ਦਿੱਤਾ।

ਫਿਲਹਾਲ ਪੁਲਿਸ ਵੱਲੋਂ ਉਸ ਨੂੰ ਗ੍ਰਫਤਾਰ ਕਰਕੇ ਉਸ ਤੋਂ ਚੰਗੀ ਤਰੀਕੇ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਡੀਸੀਪੀ ਥਰੀ ਜਸਰੂਪ ਕੌਰ ਬਾਠ ਨੇ ਦੱਸਿਆ ਕਿ ਫਿਲਹਾਲ ਆਰੋਪੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪੁਲਿਸ ਦੀ ਟੀਮ ਉਸ ਤੋਂ ਜਾਂਚ ਕਰ ਰਹੀ ਹੈ। ਉਹਨਾਂ ਕਿਹਾ ਕਿ ਘੱਲੂਘਾਰੇ ਦੇ ਦਿਨ ਹੋਣ ਕਰਕੇ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਵੀ ਤੈਨਾਤ ਹੈ ਤੇ ਸੰਗਤ ਵੀ ਵੱਡੀ ਗਿਣਤੀ ਵਿੱਚ ਆ ਰਹੀ ਹੈ ਅਤੇ ਜਦੋਂ ਇਸ ਆਰੋਪੀ ਵੱਲੋਂ ਅਜਿਹੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਤਾਂ ਸੰਗਤ ਵੱਲੋਂ ਹੀ ਉਸ ਆਰੋਪੀ ਨੂੰ ਕਾਬੂ ਕਰ ਲਿਆ ਗਿਆ। ਫਿਲਹਾਲ ਅਸੀਂ ਆਰੋਪੀ ਤੋਂ ਸਖ਼ਤੀ ਨਾਲ ਪੁੱਛਗਿੱਛ ਕਰ ਰਹੇ ਹਾਂ ਤੇ ਮਾਮਲਾ ਦਰਜ ਕਰਕੇ ਕਾਰਵਾਈ ਕਰ ਰਹੇ ਹਾਂ।

# ਫ਼ਾਜ਼ਿਲਕਾ ‘ਚ ਏ.ਐਸ.ਆਈ. ਨਾਲ ਹੱਥੋਪਾਈ ਕਰਨ ‘ਤੇ 8 ਖਿਲਾਫ ਮਾਮਲਾ ਦਰਜ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਜ਼ਿਲਕਾ ਦੇ ਪਿੰਡ ਝੰਗੜ ਭੈਣੀ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਪਿੰਡ ਝੰਗੜ ਭੈਣੀ ਵਿਚ ਪੁਲਿਸ ਦੇ ਏ.ਐਸ.ਆਈ. ਨਾਲ ਲੋਕਾਂ ਵਲੋਂ ਹੱਥੋਪਾਈ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਪੁਲਿਸ ਨੇ ਇਸ ਮਾਮਲੇ ਨੂੰ ਲੈ ਕੇ 8 ਲੋਕਾਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ। ਪਿੰਡ ਦੇ ਪੰਚਾਇਤ ਮੈਂਬਰ ਦੀ ਸ਼ਿਕਾਇਤ ਉਤੇ ਪੁਲਿਸ ਟੀਮ ਪਿੰਡ ਪੁੱਜੀ ਸੀ।

# ਪੰਜਾਬ ਕੈਬਨਿਟ ਵੱਲੋਂ ਸੂਬੇ ਲਈ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਲਿਆਉਣ ਲਈ ਸਹਿਮਤੀ

## ਕਿਸਾਨਾਂ ਨੂੰ ਵੱਧ ਅਖ਼ਤਿਆਰ: ਜ਼ੋਰ-ਜ਼ਬਰਦਸਤੀ ਤੋਂ ਛੁਟਕਾਰੇ ਦੇ ਨਾਲ-ਨਾਲ ਪੂਰੀ ਆਜ਼ਾਦੀ ਤੇ 400 ਫੀਸਦੀ ਲਾਭ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਯੋਜਨਾਬੱਧ ਤੇ ਚਿਰ ਸਥਾਈ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਵਿੱਚ ਨਵੀਂ ਤੇ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਲਿਆਉਣ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਅੱਜ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ `ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਨਵੀਂ ਨੀਤੀ ਦਾ ਮੰਤਵ ਜ਼ਮੀਨ ਮਾਲਕਾਂ, ਪ੍ਰੋਮੋਟਰਾਂ ਅਤੇ ਕੰਪਨੀਆਂ ਨੂੰ ਵਿਕਾਸ ਪ੍ਰਕਿਰਿਆ ਵਿੱਚ ਭਾਈਵਾਲਾਂ ਵਜੋਂ ਸ਼ਾਮਲ ਕਰਨਾ ਅਤੇ ਜ਼ਮੀਨ ਮਾਲਕਾਂ ਦੀ ਲੈਂਡ ਪੂਲਿੰਗ ਵਿੱਚ ਦਿਲਚਸਪੀ ਵਧਾਉਣਾ ਹੈ। ਇਸ ਸੋਧੀ ਸਕੀਮ ਨੂੰ ਜ਼ਮੀਨ ਮਾਲਕਾਂ ਨੂੰ ਵਧੇਰੇ ਬਦਲ ਮੁਹੱਈਆ ਕਰ ਕੇ ਛੋਟੇ ਅਤੇ ਹਾਸ਼ੀਏ ਉੱਤੇ ਧੱਕੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਤਰਕਸੰਗਤ ਬਣਾਇਆ ਗਿਆ ਹੈ, ਜਿਸ ਨਾਲ ਸੂਬੇ ਵਿੱਚ ਗਰੁੱਪ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ ਤਾਂ ਜੋ ਆਖ਼ਰਕਾਰ ਆਮ ਆਦਮੀ ਨੂੰ ਲਾਭ ਪਹੁੰਚ ਸਕੇ। ਇਸ ਨੀਤੀ ਨੂੰ ਸਮੁੱਚੀ ਪ੍ਰਕਿਰਿਆ ਵਿੱਚ ਹਰੇਕ ਭਾਈਵਾਲ ਨੂੰ ਜੋੜ ਦੇ ਸਰਬਪੱਖੀ ਵਿਕਾਸ ਯਕੀਨੀ ਬਣਾਉਣ ਲਈ ਘੜਿਆ ਗਿਆ ਹੈ।

ਇਹ ਨਵੀਂ ਨੀਤੀ ਸੂਬੇ ਵਿੱਚ ਵੱਡੀ ਤਬਦੀਲੀ ਦਾ ਸਬੱਬ ਬਣੇਗੀ ਕਿਉਂਕਿ ਇਹ ਕਿਸਾਨਾਂ ਨੂੰ ਵੱਡੇ ਲਾਭ ਪ੍ਰਦਾਨ ਕਰੇਗੀ। ਕਿਸਾਨਾਂ ਦਾ ਹੋਰ ਸ਼ੋਸ਼ਣ ਨਹੀਂ ਹੋਵੇਗਾ ਅਤੇ ਇਸ ਨੀਤੀ ਤਹਿਤ ਕਿਸਾਨਾਂ ਨੂੰ ਸਿੱਧੇ ਤੌਰ `ਤੇ ਕਰੋੜਾਂ ਰੁਪਏ ਦਾ ਲਾਭ ਹੋਵੇਗਾ। ਕੋਈ ਵੀ ਨਿੱਜੀ ਡਿਵੈਲਪਰ ਜਾਂ ਭੂ-ਮਾਫੀਆ ਕਿਸਾਨਾਂ ਦਾ ਸ਼ੋਸ਼ਣ ਨਹੀਂ ਕਰ ਸਕਦਾ ਕਿਉਂਕਿ ਨੀਤੀ ਇਹ ਯਕੀਨੀ ਬਣਾਉਂਦੀ ਹੈ ਕਿ ਕਿਸਾਨਾਂ ਨੂੰ ਪ੍ਰਾਈਵੇਟ ਡਿਵੈਲਪਰਾਂ ਦੁਆਰਾ ਕੀਤੇ ਜਾਣ ਵਾਲੇ ਸ਼ੋਸ਼ਣ ਤੋਂ ਸੁਰੱਖਿਅਤ ਰੱਖਿਆ ਜਾਵੇ।

ਇਸ ਨੀਤੀ ਤਹਿਤ ਪੂਰਾ ਅਧਿਕਾਰ ਕਿਸਾਨ ਕੋਲ ਹੈ ਅਤੇ ਇਹ 100 ਫੀਸਦੀ ਕਿਸਾਨ ਦਾ ਫੈਸਲਾ ਹੋਵੇਗਾ ਕਿ ਸਰਕਾਰ ਨੂੰ ਜ਼ਮੀਨ ਦੇਣੀ ਹੈ ਜਾਂ ਨਹੀਂ। ਕਿਸਾਨ ਜਾਂ ਤਾਂ ਆਪਣੀ ਜ਼ਮੀਨ ਰੱਖ ਸਕਦੇ ਹਨ ਅਤੇ ਖੇਤੀ ਜਾਰੀ ਰੱਖ ਸਕਦੇ ਹਨ ਜਾਂ ਇਸ ਨੂੰ ਵੇਚਣ ਦੀ ਚੋਣ ਕਰ ਸਕਦੇ ਹਨ। ਪਹਿਲਾਂ ਵਾਂਗ ਜ਼ਬਰਦਸਤੀ ਕੋਈ ਜ਼ਮੀਨ ਐਕੁਆਇਰ ਨਹੀਂ ਹੋਵੇਗੀ।

ਕਿਸਾਨ ਦੀ ਲਿਖਤੀ ਸਹਿਮਤੀ (ਐਨ.ਓ.ਸੀ.) ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਜ਼ਮੀਨ ਸਿੱਧੇ ਤੌਰ `ਤੇ ਸਰਕਾਰ ਨੂੰ ਦਿੱਤੀ ਜਾਵੇਗੀ, ਪ੍ਰਾਈਵੇਟ ਡਿਵੈਲਪਰਾਂ ਨੂੰ ਨਹੀਂ। ਸਰਕਾਰ ਜ਼ਮੀਨ ਦਾ ਪੂਰੀ ਤਰ੍ਹਾਂ ਵਿਕਾਸ ਕਰੇਗੀ ਅਤੇ ਕਿਸਾਨਾਂ ਨੂੰ ਪਲਾਟ ਵਾਪਸ ਕਰੇਗੀ ਅਤੇ ਇਨ੍ਹਾਂ ਪਲਾਟਾਂ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ, ਸੀਵਰੇਜ ਪਾਈਪ, ਸਟਰੀਟ ਲਾਈਟਾਂ ਅਤੇ ਪਾਰਕ ਵਰਗੀਆਂ ਸਾਰੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

ਇਨ੍ਹਾਂ ਪਲਾਟਾਂ ਦੀ ਕੀਮਤ ਮਾਰਕੀਟ ਭਾਅ ਤੋਂ ਚਾਰ ਗੁਣਾ ਵੱਧ ਹੋਵੇਗੀ। ਹਰੇਕ ਕਿਸਾਨ ਨੂੰ ਸਰਕਾਰ ਤੋਂ ਇਕ ਲਿਖਤੀ ਦਸਤਾਵੇਜ਼ ਪ੍ਰਾਪਤ ਹੋਵੇਗਾ ਅਤੇ ਇਸ ਪੱਤਰ ਵਿੱਚ ਕਿਸਾਨ ਦੇ ਪੂਰੇ ਹੱਕ ਦਾ ਸਪੱਸ਼ਟ ਤੌਰ `ਤੇ ਜ਼ਿਕਰ ਹੋਵੇਗਾ। ਕਿਸਾਨ 500 ਵਰਗ ਗਜ਼ ਦੇ ਦੋ ਪਲਾਟ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਅਤੇ ਕਿਸਾਨਾਂ ਨੂੰ ਉਹ ਪਲਾਟ ਰੱਖਣ ਜਾਂ ਵੇਚਣ ਦੀ ਪੂਰੀ ਆਜ਼ਾਦੀ ਹੋਵੇਗੀ। ਲਾਭ ਸਿਰਫ਼ ਇਕ ਏਕੜ ਤੱਕ ਸੀਮਿਤ ਨਹੀਂ ਹੈ ਅਤੇ ਕਿਸਾਨ ਜਿੰਨੀ ਜ਼ਿਆਦਾ ਦਾ ਯੋਗਦਾਨ ਪਾਉਂਦਾ ਹੈ, ਉਨਾ ਹੀ ਜ਼ਿਆਦਾ ਮੁਨਾਫ਼ਾ ਹੋਵੇਗਾ।

ਇਸ ਤੋਂ ਇਲਾਵਾ ਭਾਈਵਾਲੀ ਰਾਹੀਂ ਵਾਧੂ ਲਾਭ ਹੋਣਗੇ ਕਿਉਂਕਿ ਜੇ ਕੋਈ ਕਿਸਾਨ ਨੌਂ ਏਕੜ ਦਾ ਯੋਗਦਾਨ ਪਾਉਂਦਾ ਹੈ ਤਾਂ ਉਸ ਨੂੰ ਤਿੰਨ ਏਕੜ ਵਿਕਸਤ ਗਰੁੱਪ ਹਾਊਸਿੰਗ ਜ਼ਮੀਨ ਮਿਲੇਗੀ। ਜੇ ਕਈ ਕਿਸਾਨ ਸਰਕਾਰ ਲਈ 50 ਏਕੜ ਜ਼ਮੀਨ ਇਕੱਠੀ ਕਰਦੇ ਹਨ ਤਾਂ ਉਨ੍ਹਾਂ ਨੂੰ ਬਦਲੇ ਵਿੱਚ 30 ਏਕੜ ਪੂਰੀ ਤਰ੍ਹਾਂ ਵਿਕਸਤ ਜ਼ਮੀਨ ਮਿਲੇਗੀ। ਇਹ ਨੀਤੀ ਭੂਮੀ ਮਾਫ਼ੀਆ ਰਾਜ ਦੇ ਅੰਤ ਅਤੇ ਗੈਰ-ਕਾਨੂੰਨੀ ਕਲੋਨੀਆਂ `ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਦੀ ਵਿਵਸਥਾ ਕਰਦੀ ਹੈ।

### ਕਲੋਨੀਆਂ ਨੂੰ ਜਾਰੀ ਲਾਇਸੰਸਾਂ ਦੇ ਅੰਸ਼ਕ ਸਮਰਪਣ ਅਤੇ ਅੰਸ਼ਕ ਰੱਦ ਕਰਨ ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ), 1995 ਦੇ ਤਹਿਤ ਕਲੋਨੀਆਂ ਨੂੰ ਜਾਰੀ ਕੀਤੇ ਗਏ ਲਾਇਸੈਂਸਾਂ ਦੇ ਅੰਸ਼ਕ ਸਮਰਪਣ ਅਤੇ ਅੰਸ਼ਕ ਰੱਦ ਕਰਨ ਦੀ ਮਨਜ਼ੂਰੀ ਦੇ ਦਿੱਤਦੀ ਹੈ। ਇਸ ਦੇ ਨਾਲ ਹੀ ਵਜ਼ਾਰਤ ਨੇ ਉਦਯੋਗਿਕ ਪਾਰਕ ਪ੍ਰੋਜੈਕਟਾਂ ਨੂੰ ਜਾਰੀ ਕੀਤੀਆਂ ਗਈਆਂ ਪ੍ਰਵਾਨਗੀਆਂ ਦੇ ਅੰਸ਼ਕ ਰੱਦ ਕਰਨ ਨੂੰ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ।

ਇਸ ਬਾਰੇ ਇਕ ਨੀਤੀ 10 ਮਾਰਚ, 2025 ਨੂੰ ਨੋਟੀਫਾਈ ਕੀਤੀ ਗਈ ਸੀ ਜੋ ਪਾਪਰਾ ਐਕਟ ਅਧੀਨ ਕਲੋਨੀਆਂ ਵਿਕਸਤ ਕਰਨ ਲਈ ਲਾਇਸੈਂਸਾਂ ਦੇ ਸਮਰਪਣ ਅਤੇ ਉਦਯੋਗਿਕ ਪਾਰਕਾਂ ਲਈ ਪ੍ਰਵਾਨਗੀਆਂ ਨਾਲ ਸਬੰਧਤ ਹੈ। ਇਹ ਫੈਸਲਾ ਕੁਝ ਸ਼ਰਤਾਂ ਅਧੀਨ ਲਾਇਸੰਸਸ਼ੁਦਾ ਖੇਤਰਾਂ ਦੇ ਅੰਸ਼ਕ ਸਮਰਪਣ ਦੇ ਨਾਲ-ਨਾਲ ਅਜਿਹੇ ਪ੍ਰਾਜੈਕਟਾਂ ਲਈ ਲਾਇਸੈਂਸਾਂ ਨੂੰ ਅੰਸ਼ਕ ਮੁਅੱਤਲ ਜਾਂ ਰੱਦ ਕਰਨ ਦੀ ਆਗਿਆ ਦੇਵੇਗਾ।

### ਪਲਾਟਾਂ ਦੀ ਯਕਮੁਸ਼ਤ ਅਦਾਇਗੀ ਕਰਨ ਵਾਲੇ ਅਲਾਟੀਆਂ ਲਈ ਰਿਆਇਤਾਂ ਨੂੰ ਪ੍ਰਵਾਨਗੀ

ਰਿਹਾਇਸ਼ੀ, ਵਪਾਰਕ ਅਤੇ ਹੋਰ ਜਾਇਦਾਦਾਂ ਦੇ ਪਲਾਟਾਂ ਦੇ ਅਲਾਟੀਆਂ ਅਤੇ ਬੋਲੀਕਾਰਾਂ ਨੂੰ ਕੁੱਲ ਰਕਮ ਦੀ 75 ਫੀਸਦੀ ਰਕਮ ਦੀ ਯਕਮੁਸ਼ਤ ਅਦਾਇਗੀ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਮੰਤਰੀ ਮੰਡਲ ਨੇ ਅਲਾਟੀਆਂ ਨੂੰ ਕਈ ਰਿਆਇਤਾਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ। ਅਲਾਟੀਆਂ ਨੂੰ ਯਕਮੁਸ਼ਤ ਅਦਾਇਗੀ ਦੇ ਬਦਲੇ ਪਲਾਟ/ਸਾਈਟ ਦੀ ਕੀਮਤ ‘ਤੇ 15 ਫੀਸਦੀ ਛੋਟ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਸੂਬਾ ਸਰਕਾਰ ਨੂੰ ਇਕੋ ਵੇਲੇ ਆਮਦਨ ਇਕੱਠੀ ਹੋਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਡਿਫਾਲਟਰਾਂ ਦੀ ਸੂਚੀ ਵੀ ਘਟੇਗੀ।

### ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਈ.ਡੀ.ਸੀ., ਸੀ.ਐਲ.ਯੂ. ਵਿੱਚ ਵਾਧੇ ਨੂੰ ਪ੍ਰਵਾਨਗੀ

ਮਾਲੀਆ ਪੈਦਾ ਕਰਕੇ ਸੂਬੇ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਨੋਰਥ ਨਾਲ ਮੰਤਰੀ ਮੰਡਲ ਨੇ ਰੀਅਲ ਅਸਟੇਟ ਪ੍ਰੋਮੋਟਰਾਂ ’ਤੇ ਲਾਗੂ ਹੁੰਦੀਆਂ ਬਾਹਰੀ ਵਿਕਾਸ ਦਰਾਂ (ਈ.ਡੀ.ਸੀ.), ਜ਼ਮੀਨ ਵਰਤੋਂ ਬਾਰੇ ਤਬਦੀਲੀ (ਸੀ.ਐਲ.ਯੂ.) ਦੀਆਂ ਦਰਾਂ, ਲਾਇਸੈਂਸ ਫੀਸ (ਐਲ.ਐਫ.) ਅਤੇ ਹੋਰ ਦਰਾਂ ਨੂੰ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।

ਇਨ੍ਹਾਂ ਪ੍ਰਮੋਟਰਾਂ ਨੂੰ ਪਾਪਰਾ ਅਧੀਨ ਕਲੋਨੀਆਂ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਮੈਗਾ ਪ੍ਰੋਜੈਕਟ ਨੀਤੀ ਅਧੀਨ ਮੈਗਾ ਪ੍ਰੋਜੈਕਟਾਂ ਲਈ ਬਾਹਰੀ ਵਿਕਾਸ ਚਾਰਜ (ਈ.ਡੀ.ਸੀ) ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦਰਾਂ ਵਿੱਚ ਤਬਦੀਲੀ ਕਰਨ ਲਈ ਆਖਰੀ ਵਾਰ 06 ਮਈ, 2016 ਨੂੰ ਨੋਟੀਫਾਈ ਕੀਤਾ ਗਿਆ ਸੀ ਜਿਸ ਵਿੱਚ ਇਹ ਧਾਰਾ ਵੀ ਜੋੜੀ ਗਈ ਸੀ ਕਿ ਇਕ ਅਪ੍ਰੈਲ ਤੋਂ ਹਰ ਸਾਲ 10 ਫੀਸਦੀ ਦੀ ਦਰ ਨਾਲ ਇਨ੍ਹਾਂ ਦਰਾਂ ਵਿੱਚ ਵਾਧਾ ਹੋਵੇਗਾ।

ਹਾਲਾਂਕਿ, ਕੁਝ ਸਾਲਾਂ ਲਈ ਸਰਕਾਰ ਨੇ ਇਸ ਵਾਧੇ ਨੂੰ ਮੁਆਫ ਕਰ ਦਿੱਤਾ ਸੀ। ਇਨ੍ਹਾਂ ਦਰਾਂ ਵਿੱਚ ਇਕ ਅਪ੍ਰੈਲ, 2020 ਤੋਂ ਵਾਧਾ ਕੀਤਾ ਗਿਆ ਸੀ ਅਤੇ ਸਾਲ 2016 ਤੋਂ ਲਗਭਗ 77 ਫੀਸਦੀ ਦਾ ਵਾਧਾ ਹੋਇਆ ਹੈ। ਇਸ ਫੈਸਲੇ ਨਾਲ ਸੀ.ਐਲ.ਯੂ. ਦਰਾਂ, ਈ.ਡੀ.ਸੀ. ਦਰਾਂ ਅਤੇ ਲਾਇਸੰਸ ਫੀਸ ਵਿੱਚ ਇਕ ਅਪ੍ਰੈਲ, 2026 ਤੋਂ ਹਰੇਕ ਸਾਲ 10 ਫੀਸਦੀ ਦਾ ਵਾਧਾ ਹੋਵੇਗਾ।

# ਆਈ.ਸੀ.ਟੀ. ਨੇ ਸ਼ੇਖ ਹਸੀਨਾ ਵਾਜੇਦ ਤੇ ਉਨ੍ਹਾਂ ਦੇ ਦੋ ਸਹਿਯੋਗੀਆਂ ਵਿਰੁੱਧ ਕਤਲੇਆਮ ਦੇ ਦੋਸ਼ ਆਇਦ ਕੀਤੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵਲੋਂ ਸਥਾਪਿਤ ਕੌਮਾਂਤਰੀ ਅਪਰਾਧ ਟ੍ਰਾਈਬਿਊਨਲ (ਆਈ.ਸੀ.ਟੀ.) ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜੇਦ ਤੇ ਉਨ੍ਹਾਂ ਦੇ ਦੋ ਸਹਿਯੋਗੀਆਂ ਵਿਰੁੱਧ ਮਨੁੱਖਤਾ ਦੇ ਖ਼ਿਲਾਫ਼ ਅਪਰਾਧਾਂ, ਖ਼ਾਸ ਕਰ ਕੇ ਸਮੂਹਿਕ ਹੱਤਿਆਵਾਂ ਜਾਂ ਕਤਲੇਆਮ ਦੇ ਦੋਸ਼ ਆਇਦ ਕੀਤੇ ਹਨ। ਇਨ੍ਹਾਂ ਦੋਸ਼ਾਂ ਦਾ ਸਬੰਧ ਪਿਛਲੇ ਸਾਲ ਸ਼ੇਖ ਹਸੀਨਾ ਦੀ ਜਲਾਵਤਨੀ ਤੋਂ ਪਹਿਲਾਂ ਪੂਰੇ ਮੁਲਕ, ਖ਼ਾਸ ਕਰ ਕੇ ਕੌਮੀ ਰਾਜਧਾਨੀ ਢਾਕਾ ਵਿਚ ਵਿਦਿਆਰਥੀਆਂ ਤੇ ਹੋਰ ਲੋਕਾਂ ਉਪਰ ਵਿਆਪਕ ਜਬਰ ਢਾਹੇ ਜਾਣ ਦੇ ਘਟਨਾਕ੍ਰਮ ਨਾਲ ਹੈ। ਇਸ ਘਟਨਾਕ੍ਰਮ ਵਿਚ 200 ਦੇ ਕਰੀਬ ਲੋਕਾਂ ਦੇ ਮਰਨ ਦਾ ਅੰਦਾਜ਼ਾ ਹੈ ਭਾਵੇਂ ਕਿ ਟ੍ਰਾਈਬਿਊਨਲ ਵਲੋਂ (ਸੁਣਵਾਈ ਲਈ) ਮਨਜ਼ੂਰ ਕੀਤਾ ਗਿਆ ਦੋਸ਼-ਪੱਤਰ ਇਹ ਗਿਣਤੀ ‘ਸੈਂਕੜਿਆਂ’ ਵਿਚ ਦੱਸਦਾ ਹੈ।

ਦੋਸ਼-ਪੱਤਰ ਮੁਤਾਬਿਕ ਕਤਲੇਆਮ, ਹਿੰਸਾ, ਅੱਗਜ਼ਨੀ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਜਾਇਦਾਦਾਂ ਦਾ ਵਿਆਪਕ ਨੁਕਸਾਨ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਦੋ ਸਹਿਯੋਗੀਆਂ ਦੀਆਂ ਚਾਲਾਂ-ਕੁਚਾਲਾਂ ਦਾ ਨਤੀਜਾ ਸੀ। ਇਨ੍ਹਾਂ ਦੋ ‘ਅਪਰਾਧੀਆਂ’ ਵਜੋਂ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਂ ਖ਼ਾਨ ਕਮਲ ਅਤੇ ਸਾਬਕਾ ਇੰਸਪੈਕਟਰ ਜਨਰਲ ਪੁਲੀਸ (ਆਈ.ਜੀ.ਪੀ.) ਚੌਧਰੀ ਅਬਦੁੱਲਾ ਅਲ-ਮਾਮੂਨ ਨੂੰ ਨਾਮਜ਼ਦ ਕੀਤਾ ਗਿਆ ਹੈ। ਤਿੰਨ ਮੈਂਬਰੀ ਟ੍ਰਾਈਬਿਊਨਲ ਦੀ ਅਗਵਾਈ ਜਸਟਿਸ ਗੁਲਾਮ ਮੁਰਤਜ਼ਾ ਮਜੂਮਦਾਰ ਕਰ ਰਹੇ ਹਨ ਜੋ ਕਿ ਬੰਗਲਾਦੇਸ਼ੀ ਅੰਗਰੇਜ਼ੀ ਅਖ਼ਬਾਰ ‘ਢਾਕਾ ਟ੍ਰਿਬਿਊਨ’ ਮੁਤਾਬਿਕ ਸ਼ੇਖ ਹਸੀਨਾ ਦੇ ਕੱਟੜ ਆਲੋਚਕ ਰਹੇ ਹਨ। ਟ੍ਰਾਈਬਿਊਨਲ ਨੇ ਦੋਸ਼-ਪੱਤਰ ਨੂੰ ਅਗਲੀ ਸੁਣਵਾਈ ਲਈ ਪ੍ਰਵਾਨ ਕਰਦਿਆਂ ਸਰਕਾਰੀ (ਮੁੱਦਈ) ਧਿਰ ਨੂੰ ਹਦਾਇਤ ਕੀਤੀ ਹੈ ਕਿ ਤਿੰਨਾਂ ਮੁਲਜ਼ਮਾਂ ਨੂੰ 16 ਜੂਨ ਨੂੰ ਅਦਾਲਤ (ਟ੍ਰਾਈਬਿਊਨਲ) ਸਾਹਮਣੇ ਪੇਸ਼ ਕੀਤਾ ਜਾਵੇ। ਮਾਮੂਨ, ਢਾਕਾ ਵਿਚ ਜ਼ੇਰੇ ਹਿਰਾਸਤ ਹਨ ਜਦੋਂ ਕਿ ਹਸੀਨਾ ਤੇ ਕਮਲ ਜਲਾਵਤਨ ਹਨ। (ਹਸੀਨਾ ਨੇ ਭਾਰਤ ਅਤੇ ਕਮਲ ਨੇ ਥਾਈਲੈਂਡ ਵਿਚ ਪਨਾਹ ਲਈ ਹੋਈ ਹੈ)। ਅਜਿਹੀ ਸੂਰਤ ਵਿਚ ਮੁਕੱਦਮਾ ਕਿਸ ਕਿਸਮ ਦਾ ਹੋਵੇਗਾ, ਉਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਹਸੀਨਾ ਤੇ ਬਾਕੀ ਦੇ ਮੁਲਾਜ਼ਮਾਂ ਖ਼ਿਲਾਫ਼ ਇਹ ਮੁਕੱਦਮਾ ਬੰਗਲਾਦੇਸ਼ ਵਿਚ ਰਾਜ ਪਲਟੇ ਤੋਂ 10 ਮਹੀਨੇ ਬਾਅਦ ਸ਼ੁਰੂ ਹੋਇਆ ਹੈ। ਇਸ ਨੂੰ ਸ਼ੁਰੂ ਕਰਨ ਦਾ ਅਮਲ ਸ਼ਾਇਦ ਹੋਰ ਪਛੜ ਜਾਂਦਾ ਬਸ਼ਰਤੇ ਮੁਲਕ ਦੀ ਅੰਤਰਿਮ ਸਰਕਾਰ ਦੀਆਂ ਨੀਤੀਆਂ ਤੇ ਨੀਅਤ ਉੱਤੇ ਸਵਾਲ ਨਾ ਉੱਠਣੇ ਆਰੰਭ ਹੁੰਦੇ। ਨੋਬੇਲ ਅਮਨ ਪੁਰਸਕਾਰ ਜੇਤੂ ਪ੍ਰੋ. ਮੁਹੰਮਦ ਯੂਨੁਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਇਨ੍ਹਾਂ ਆਸਾਂ-ਉਮੀਦਾਂ ਨਾਲ ਵਜੂਦ ਵਿਚ ਆਈ ਸੀ ਕਿ ਉਹ ਹਸੀਨਾ ਸ਼ੇਖ਼ ਸਰਕਾਰ ਦੀਆਂ ਆਪਹੁਦਰੀਆਂ ਨੂੰ ਖ਼ਤਮ ਕਰ ਕੇ ਅਮਨ-ਚੈਨ ਦੀ ਵਾਪਸੀ ਸੰਭਵ ਬਣਾਏਗੀ ਅਤੇ ਨਾਲ ਹੀ ਜਮਹੂਰੀ ਨਿਜ਼ਾਮ ਨੂੰ ਲੀਹ ’ਤੇ ਲਿਆਉਣ ਦਾ ਅਮਲ ਛੇਤੀ ਤੋਂ ਛੇਤੀ ਸ਼ੁਰੂ ਕਰੇਗੀ।

ਪਰ ਦਸ ਮਹੀਨਿਆਂ ਦੌਰਾਨ ਇਹ ਸਰਕਾਰ ਮੁਲਕ ਭਰ ਵਿਚ ਅਰਾਜਕਤਾ ਠੱਲ੍ਹਣ ਪੱਖੋਂ ਨਾਕਾਮ ਰਹੀ ਹੈ। ਉਪਰੋਂ ਕੌਮੀ ਅਰਥਚਾਰਾ ਤੇਜ਼ੀ ਨਾਲ ਨਿਘਰਨ ਲੱਗਾ ਹੈ। ਨਾਲ ਹੀ ਇਹ ਪ੍ਰਭਾਵ ਜ਼ੋਰ ਫੜਨ ਲੱਗਾ ਹੈ ਕਿ ਪ੍ਰੋ. ਯੂਨੁਸ ਨੂੰ ਰਾਜਸੱਤਾ ਨਾਲ ਮੋਹ ਪੈ ਗਿਆ ਹੈ ਜਿਸ ਕਾਰਨ ਉਹ ਮੁਲਕ ਦਾ ਭਲਾ ਸੋਚਣ ਦੀ ਥਾਂ ਅਪਣਾ ਕਾਰਜਕਾਲ ਲੰਮੇਰਾ ਬਣਾਉਣ ਦੇ ਰਾਹ ਤੁਰੇ ਹੋਏ ਹਨ। ਹਾਲਾਂਕਿ ਉਨ੍ਹਾਂ ਨੇ ਹਾਲ ਹੀ ਵਿਚ ਅਪਣਾ “ਅਹੁਦਾ ਤਿਆਗਣ ਦੀ ਇੱਛਾ ਜਤਾਈ ਸੀ” ਪਰ ਉਨ੍ਹਾਂ ਦੇ ਨਿੰਦਕ-ਆਲੋਚਕ ਅਜਿਹੇ ਐਲਾਨਾਂ ਨੂੰ ਮਹਿਜ਼ ਡਰਾਮੇਬਾਜ਼ੀ ਹੀ ਦੱਸਦੇ ਹਨ। ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ.) ਵਲੋਂ ਹਾਲ ਹੀ ਵਿਚ ਢਾਕਾ ਤੇ ਹੋਰਨਾਂ ਸ਼ਹਿਰਾਂ ਵਿਚ ਕੀਤੀਆਂ ਗਈਆਂ ਵਿਸ਼ਾਲ ਰੈਲੀਆਂ ਦਾ ਅਸਰ ਇਹ ਹੋਇਆ ਹੈ ਕਿ ਪ੍ਰੋ. ਯੂਨੁਸ ਕੌਮੀ ਚੋਣਾਂ ਅਗਲੇ ਸਾਲ ਦੇ ਮੱਧ ਵਿਚ ਕਰਵਾਉਣ ਦਾ ਇਰਾਦਾ ਤਿਆਗ ਕੇ ਇਸ ਸਾਲ ਦਸੰਬਰ ਮਹੀਨੇ ਤਕ ਚੋਣਾਂ ਕਰਵਾਉਣ ਲਈ ਰਾਜ਼ੀ ਹੋ ਗਏ ਹਨ। ਇਸ ਫ਼ੈਸਲੇ ਪਿੱਛੇ ਕੌਮੀ ਫ਼ੌਜ ਦੇ ਮੁਖੀ, ਜਨਰਲ ਵਕਾਰ-ਉਜ਼-ਜ਼ਮਾਂ ਦਾ ਹੱਥ ਵੀ ਦਸਿਆ ਜਾਂਦਾ ਹੈ ਕਿਉਂਕਿ ਉਹ ਵੀ ਫ਼ੌਜ ਤੋਂ ਪੁਲੀਸ ਵਾਲਾ ਕੰਮ ਕਰਵਾਉਣ ਦੀਆਂ ਅੰਤਰਿਮ ਸਰਕਾਰ ਦੀਆਂ ਨੀਤੀਆਂ ਤੋਂ ਅੱਕੇ ਪਏ ਹਨ। ਅਜਿਹੇ ਹਾਲਾਤ ਵਿਚ ਸ਼ੇਖ ਹਸੀਨਾ ਖ਼ਿਲਾਫ਼ ਮੁਕੱਦਮਾ ਆਰੰਭਣ ਅਤੇ ਉਨ੍ਹਾਂ ਦੀ ਪਾਰਟੀ ਅਵਾਮੀ ਲੀਗ ਉੱਪਰ ਪਾਬੰਦੀ ਲਾਉਣ ਵਰਗੇ ਕਦਮਾਂ ਨੂੰ ਲੋਕਾਂ ਦਾ ਧਿਆਨ ਅੰਤਰਿਮ ਸਰਕਾਰ ਦੀਆਂ ਨਾਕਾਮੀਆਂ ਤੋਂ ਹਟਾਉਣ ਦੇ ਹੀਲਿਆਂ ਵਜੋਂ ਹੀ ਦੇਖਿਆ ਜਾ ਰਿਹਾ ਹੈ।



ਕਾਨੂੰਨੀ ਨੁਕਤਾ-ਨਿਗਾਹ ਤੋਂ ਪ੍ਰੋ. ਯੂਨੁਸ ਦੀ ਸਰਕਾਰ ‘ਗ਼ੈਰ-ਸੰਵਿਧਾਨਕ’ ਹੈ ਅਤੇ ਇਸ ਤੱਥ ਦਾ ਜ਼ਿਕਰ ਬੀ.ਐਨ.ਪੀ. ਦੀ ਨੇਤਾ ਬੇਗਮ ਖ਼ਾਲਿਦਾ ਜ਼ਿਆ ਹੁਣ ਵਾਰ-ਵਾਰ ਕਰਨ ਲੱਗੇ ਹਨ। ਬੰਗਲਾਦੇਸ਼ ਦੇ ਸੰਵਿਧਾਨ ਵਿਚ ‘ਅੰਤਰਿਮ ਸਰਕਾਰ’ ਦੀ ਕੋਈ ਵਿਵਸਥਾ ਸ਼ਾਮਲ ਨਹੀਂ ਅਤੇ ਨਾ ਹੀ ਸਰਕਾਰ ਦੇ ਮੁਖੀ ਨੂੰ ਸੀ.ਈ.ਓ. ਕਿਹਾ ਜਾ ਸਕਦਾ ਹੈ। ਮੌਜੂਦਾ ਵਿਵਸਥਾ ਸ਼ੇਖ ਹਸੀਨਾ ਖ਼ਿਲਾਫ਼ ਲੋਕ ਵਿਦਰੋਹ ਅਤੇ ਵਿਦਰੋਹੀਆਂ ਉਪਰ ਸਖ਼ਤੀ ਨਾ ਕਰਨ ਦੇ ਫ਼ੌਜ ਦੇ ਫ਼ੈਸਲੇ ਤੋਂ ਉਪਜੀ। ਉਸ ਸਥਿਤੀ ਵਿਚ ਫ਼ੌਜੀ ਰਾਜ ਦੀ ਥਾਂ ਸਿਵਲੀਅਨ ਸਰਕਾਰ ਦੀ ਸਥਾਪਨਾ ਨੂੰ ਲੋਕਾਂ ਨੇ ਮਾਨਤਾ ਇਸ ਆਸ ਨਾਲ ਦਿੱਤੀ ਕਿ ਇਹ ਸਰਕਾਰ, ਹਕੂਮਤੀ ਖ਼ਲਾਅ ਨੂੰ ਭਰ ਕੇ ਕੌਮੀ ਚੋਣਾਂ ਰਾਹੀਂ ਜਮਹੂਰੀ ਉਮਾਹਾਂ ਵਾਲੀ ਸਵੱਛ ਸਰਕਾਰ ਦੀ ਵਾਪਸੀ ਸੰਭਵ ਬਣਾਏਗੀ।

ਪਰ ਪ੍ਰੋ. ਯੂਨੁਸ ਹੁਣ ਅਪਣੇ ਹਮਾਇਤੀ ਵਿਦਿਆਰਥੀਆਂ ਦੀ ਪਾਰਟੀ ਐਨ.ਸੀ.ਪੀ. ਅਤੇ ਇਸਲਾਮੀ ਕੱਟੜਪੰਥੀ ਪਾਰਟੀ ਜਮਾਤ-ਇ-ਇਸਲਾਮੀ ਦਰਮਿਆਨ ਗੱਠਜੋੜ ਰਾਹੀਂ ਰਵਾਇਤੀ ਰਾਜਸੀ ਧਿਰਾਂ ਦੇ ਰਾਹ ਵਿਚ ਕੰਢੇ ਬੀਜਣ ਦੇ ਰਾਹ ਤੁਰੇ ਹੋਏ ਹਨ। ਸ਼ੇਖ ਹਸੀਨਾ ਖ਼ਿਲਾਫ਼ ਮੁਕੱਦਮਾ ਵੀ ਇਸੇ ਰਣਨੀਤੀ ਦਾ ਇਕ ਹਿੱਸਾ ਹੈ। ਸ਼ੇਖ ਹਸੀਨਾ ਖ਼ਿਲਾਫ਼ ਲੋਕ ਰੋਹ ਅਜੇ ਵੀ ਬਰਕਰਾਰ ਹੈ, ਪਰ ਆਮ ਲੋਕਾਂ ਨੂੰ ਵੀ ਪਤਾ ਹੈ ਕਿ ਹਸੀਨਾ ਦੀ ਗ਼ੈਰਮੌਜੂਦਗੀ ਕਾਰਨ ਇਸ ਮੁਕੱਦਮੇ ਵਿਚੋਂ ਕੁਝ ਨਿਕਲਣ ਵਾਲਾ ਨਹੀਂ।

# ਖੜ੍ਹੇ ਟਰੱਕ ਨਾਲ ਟਕਰਾਈ ਤੇਜ਼ ਰਫ਼ਤਾਰ ਕਾਰ, ਤਿੰਨ ਲੋਕਾਂ ਦੀ ਹੋਈ ਮੌਤ, ਤਿੰਨ ਗੰਭੀਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਬੀਤੀ ਦੇਰ ਰਾਤ ਲੁਧਿਆਣਾ ਤੋਂ ਮਲੇਰਕੋਟਲਾ ਜਾ ਰਹੀ ਕਾਰ ਦੇ ਇਕ ਟਰੱਕ ਨਾਲ ਟਕਰਾ ਜਾਣ ਕਾਰਨ ਤਿੰਨ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਤੇ ਤਿੰਨ ਗੰਭੀਰ ਜ਼ਖ਼ਮੀ ਹੋ ਗਏ।

ਮ੍ਰਿਤਕਾਂ ਦੀ ਪਛਾਣ ਮਲੇਰਕੋਟਲਾ ਦੇ ਮੁਹੰਮਦ ਸ਼ਾਹਿਦ(31), ਰੋਹਿਤ ਵਰਮਾ(28) ਅਤੇ ਕੇਸਰ (40) ਵਜੋਂ ਹੋਈ ਹੈ। ਪੀੜਤ ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ ਪਿੰਡ ਤੋਂ ਵਾਪਸ ਮਾਲੇਰਕੋਟਲਾ ਆ ਰਹੇ ਸਨ। ਅਹਿਮਦਗੜ੍ਹ ਥਾਣਾ ਸਦਰ ਦਰਸ਼ਨ ਸਿੰਘ ਨੇ ਦਸਿਆ ਕਿ ਮਾਰੂਤੀ ਕਾਰ ਦੀ ਸੜਕ ’ਤੇ ਖੜ੍ਹੇ ਇਕ ਲੋਡ ਕੀਤੇ ਟਰੱਕ ਨਾਲ ਟੱਕਰ ਹੋ ਗਈ। ਪੁਲਿਸ ਨੇ ਟਰੱਕ ਡਰਾਈਵਰ ਵਿਰੁਧ ਐਫ਼ਆਈਆਰ ਦਰਜ ਕੀਤੀ ਗਈ ਹੈ

# ਮੰਤਰੀ ਮੰਡਲ ਨੇ ਈ.ਡੀ.ਸੀ., ਸੀ.ਐਲ.ਯੂ. ਦੇ ਰੇਟ ਵਧਾਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਮਾਲੀਆ ਪੈਦਾ ਕਰਕੇ ਸੂਬੇ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਨੋਰਥ ਨਾਲ ਮੰਤਰੀ ਮੰਡਲ ਨੇ ਰੀਅਲ ਅਸਟੇਟ ਪ੍ਰੋਮੋਟਰਾਂ ’ਤੇ ਲਾਗੂ ਹੁੰਦੀਆਂ ਬਾਹਰੀ ਵਿਕਾਸ ਦਰਾਂ (EDC), ਜ਼ਮੀਨ ਵਰਤੋਂ ਬਾਰੇ ਤਬਦੀਲੀ (CLU) ਦੀਆਂ ਦਰਾਂ, ਲਾਇਸੈਂਸ ਫੀਸ (ਐਲ.ਐਫ.) ਅਤੇ ਹੋਰ ਦਰਾਂ ਨੂੰ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।

ਇਨ੍ਹਾਂ ਪ੍ਰਮੋਟਰਾਂ ਨੂੰ ਪਾਪਰਾ ਅਧੀਨ ਕਲੋਨੀਆਂ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਮੈਗਾ ਪ੍ਰੋਜੈਕਟ ਨੀਤੀ ਅਧੀਨ ਮੈਗਾ ਪ੍ਰੋਜੈਕਟਾਂ ਲਈ ਬਾਹਰੀ ਵਿਕਾਸ ਚਾਰਜ (EDC) ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦਰਾਂ ਵਿੱਚ ਤਬਦੀਲੀ ਕਰਨ ਲਈ ਆਖਰੀ ਵਾਰ 06 ਮਈ, 2016 ਨੂੰ ਨੋਟੀਫਾਈ ਕੀਤਾ ਗਿਆ ਸੀ ਜਿਸ ਵਿੱਚ ਇਹ ਧਾਰਾ ਵੀ ਜੋੜੀ ਗਈ ਸੀ ਕਿ ਇਕ ਅਪ੍ਰੈਲ ਤੋਂ ਹਰ ਸਾਲ 10 ਫੀਸਦੀ ਦੀ ਦਰ ਨਾਲ ਇਨ੍ਹਾਂ ਦਰਾਂ ਵਿੱਚ ਵਾਧਾ ਹੋਵੇਗਾ।

ਹਾਲਾਂਕਿ, ਕੁਝ ਸਾਲਾਂ ਲਈ ਸਰਕਾਰ ਨੇ ਇਸ ਵਾਧੇ ਨੂੰ ਮੁਆਫ ਕਰ ਦਿੱਤਾ ਸੀ। ਇਨ੍ਹਾਂ ਦਰਾਂ ਵਿੱਚ ਇਕ ਅਪ੍ਰੈਲ, 2020 ਤੋਂ ਵਾਧਾ ਕੀਤਾ ਗਿਆ ਸੀ ਅਤੇ ਸਾਲ 2016 ਤੋਂ ਲਗਭਗ 77 ਫੀਸਦੀ ਦਾ ਵਾਧਾ ਹੋਇਆ ਹੈ। ਇਸ ਫੈਸਲੇ ਨਾਲ CLU ਦਰਾਂ, EDC. ਦਰਾਂ ਅਤੇ ਲਾਇਸੰਸ ਫੀਸ ਵਿੱਚ ਇਕ ਅਪ੍ਰੈਲ, 2026 ਤੋਂ ਹਰੇਕ ਸਾਲ 10 ਫੀਸਦੀ ਦਾ ਵਾਧਾ ਹੋਵੇਗਾ।

# ਸੀਬੀਆਈ ਵੱਲੋਂ IRS ਅਧਿਕਾਰੀ ਦੇ ਦਿੱਲੀ ਤੇ ਪੰਜਾਬ ਵਿਚਲੇ ਟਿਕਾਣਿਆਂ ’ਤੇ ਛਾਪਾ; ਇਕ ਕਰੋੜ ਦੀ ਨਕਦੀ ਤੇ 3.5 ਕਿਲੋ ਸੋਨਾ ਜ਼ਬਤ

## ਕਾਨੂੰਨ ਵਿਵਸਥਾ ਬਣਾਕੇ ਰੱਖਣ ਵਾਲੀਆਂ ਏਜੰਸੀਆਂ ਦੇ ਕੁਝ ਖਾਸ ਲੋਕ ਹੋਰ ਮੁਲਾਜਮਾਂ ਨਾਲੋਂ ਔਸਤਨ ਜਿਆਦਾ ਧਨ-ਸੰਪੱਤੀ ਦੇ ਮਾਲਕ ਬਣ ਰਹੇ ਹਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਸੀਬੀਆਈ ਨੇ ਸੀਨੀਅਰ IRS ਅਧਿਕਾਰੀ ਅਮਿਤ ਕੁਮਾਰ ਸਿੰਗਲ ਦੇ ਟਿਕਾਣਿਆਂ ’ਤੇ ਮਾਰੇ ਛਾਪਿਆਂ ਦੌਰਾਨ ਇਕ ਕਰੋੜ ਰੁਪਏ ਦੀ ਨਗਦੀ ਤੇ ਸਾਢੇ ਤਿੰਨ ਕਿਲੋ ਸੋਨਾ ਜ਼ਬਤ ਕੀਤਾ ਹੈ। ਸਿੰਗਲ ਤੇ ਉਸ ਦੇ ਇਕ ਸਹਾਇਕ ਨੂੰ 25 ਲੱਖ ਰੁਪਏ ਦੀ ਵੱਢੀ ਨਾਲ ਸਬੰਧਤ ਕੇਸ ਵਿਚ ਸ਼ਨਿੱਚਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀਬੀਆਈ ਨੇ 2007 ਬੈਚ ਦੇ ਆਈਆਰਐੱਸ ਅਧਿਕਾਰੀ ਸਿੰਗਲ, ਜੋ ਇੱਥੇ ਟੈਕਸਦਾਤਾ ਸੇਵਾਵਾਂ ਡਾਇਰੈਕਟੋਰੇਟ ਵਿੱਚ ਵਧੀਕ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਸੀ, ਅਤੇ ਉਸ ਦੇ ਸਹਿਯੋਗੀ ਹਰਸ਼ ਕੋਟਕ ਦੇ ਟਿਕਾਣਿਆਂ ਦੀ ਤਲਾਸ਼ੀ ਲਈ।



ਸਿੰਗਲ ਦੇ ਟਿਕਾਣਿਆਂ ’ਤੇ ਮਾਰੇ ਛਾਪੇ ਦੌਰਾਨ ਕੇਂਦਰੀ ਜਾਂਚ ਏਜੰਸੀ ਨੇ ਇਕ ਕਰੋੜ ਰੁਪਏ ਦੀ ਨਕਦੀ, ਸਾਢੇ ਤਿੰਨ ਕਿਲੋ ਸੋਨਾ ਤੇ ਦੋ ਕਿਲੋ ਚਾਂਦੀ ਬਰਾਮਦ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਸਿੰਗਲ ਨੂੰ ਪਿਜ਼ਾ ਚੇਨ ਮਾਲਕ ਤੋਂ ਕਥਿਤ 25 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸੀਬੀਆਈ ਵੱਲੋਂ ਦਰਜ ਐੱਫਆਈਆਰ ਮੁਤਾਬਕ ਸਿੰਗਲ ਨੇ ਆਮਦਨ ਕਰ ਨੋਟਿਸ ਨਾਲ ਸਬੰਧਤ ਕੇਸ ਦੇ ਨਿਬੇੜੇ ਲਈ La Pino’z Pizza ਦੇ ਮਾਲਕ ਸਨਮ ਕਪੂਰ ਕੋਲੋਂ ਕਥਿਤ ਕੁੱਲ 45 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਇਸ ਰਕਮ ਵਿਚੋਂ 25 ਲੱਖ ਰੁਪਏ ਦੀ ਪਹਿਲੀ ਕਿਸ਼ਤ ਸ਼ਨਿੱਚਰਵਾਰ ਨੂੰ ਉਸ ਦੇ ਪੰਜਾਬ ਦੇ ਮੁਹਾਲੀ ਵਿਚਲੇ ਘਰ ਪਹੁੰਚਾਈ ਗਈ, ਜਿੱਥੇ ਕੋਟਕ ਨੇ ਕਥਿਤ ਤੌਰ ’ਤੇ ਅਧਿਕਾਰੀ ਵੱਲੋਂ ਪੈਸੇ ਪ੍ਰਾਪਤ ਕੀਤੇ ਸਨ।

ਕਪੂਰ ਦੀ ਸ਼ਿਕਾਇਤ ’ਤੇ ਕਾਰਵਾਈ ਕਰਦੇ ਹੋਏ, ਸੀਬੀਆਈ ਦੀ ਇੱਕ ਟੀਮ ਨੇ ਛਾਪਾ ਮਾਰਿਆ ਅਤੇ ਕੋਟਕ ਨੂੰ ਗ੍ਰਿਫ਼ਤਾਰ ਕਰ ਲਿਆ। ਸੰਘੀ ਏਜੰਸੀ ਦੀ ਇੱਕ ਹੋਰ ਟੀਮ ਨੇ ਉਸੇ ਦਿਨ ਸਿੰਗਲ ਨੂੰ ਉਸ ਦੇ ਦਿੱਲੀ ਸਥਿਤ ਘਰ ਤੋਂ ਗ੍ਰਿਫ਼ਤਾਰ ਕੀਤਾ। ਕਪੂਰ ਦੇ ਵਕੀਲ ਗਗਨਦੀਪ ਜੰਮੂ ਅਨੁਸਾਰ ਦੋਵਾਂ ਨੂੰ ਚੰਡੀਗੜ੍ਹ ਦੇ ਇੱਕ ਵਿਸ਼ੇਸ਼ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ 13 ਜੂਨ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। -ਪੀਟੀਆਈ

# ਐਡਵੋਕੇਟ ਧਾਮੀ ਦੀ ਅਗਵਾਈ ’ਚ ਸ਼੍ਰੋਮਣੀ ਕਮੇਟੀ ਵਫਦ ਨੇ ਬਾਬਾ ਹਰਨਾਮ ਸਿੰਘ ਨਾਲ ਕੀਤੀ ਮੁਲਾਕਾਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

SGPC ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਮੁਲਾਕਾਤ ਕੀਤੀ। ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹੋਈ ਇਸ



ਮੁਲਾਕਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਰਣਜੀਤ ਸਿੰਘ ਕਾਹਲੋਂ, ਸ. ਜੋਧ ਸਿੰਘ ਸਮਰਾ, ਸ. ਬਲਜੀਤ ਸਿੰਘ ਜਲਾਲਉਸਮਾ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਹਾਜ਼ਰ ਸਨ।

ਮੀਟਿੰਗ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ 6 ਜੂਨ ਨੂੰ ਮਨਾਏ ਜਾ ਰਹੇ ਘਲੂਘਾਰਾ ਦਿਵਸ ਦੇ ਸਮਾਗਮ ਸਬੰਧੀ ਚੰਗੇ ਮਹੌਲ ਵਿੱਚ ਗਲਬਾਤ ਹੋਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਮੌਜੂਦਾ ਸਥਿਤੀ ਦਾ ਸੁਖਾਵਾਂ ਹੱਲ ਨਿਕਲ ਆਵੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਮੇਰੇ ਜੀਵਨ ਦਾ ਸਿਧਾਂਤਕ ਜਾਂ ਦਾਰਸ਼ਨਿਕ ਆਧਾਰ

ਪੰਜ ਮਿੰਟਾਂ ਵਿੱਚ ਮੈਂ ਤੁਹਾਨੂੰ ਆਪਣਾ ਜੀਵਨ ਦਰਸ਼ਨ ਦੱਸਣਾ ਚਾਹੁੰਦਾ ਹਾਂ। ਮੈਂ ਦਰਸ਼ਨ ਨੂੰ ਸਮਾਜਿਕ ਦਰਸ਼ਨ ਕਹਿੰਦਾ ਹਾਂ। ਹਰ



ਮਨੁੱਖ ਲਈ ਜੀਵਨ ਬਾਰੇ ਆਪਣਾ ਦਰਸ਼ਨ ਹੋਣਾ ਜ਼ਰੂਰੀ ਹੈ। ਮਨੁੱਖ ਲਈ ਆਪਣੇ ਸਹੀ ਵਿਵਹਾਰ ਲਈ ਇੱਕ ਮਾਪਦੰਡ ਹੋਣਾ ਜ਼ਰੂਰੀ ਹੈ ਅਤੇ ਉਹ ਮਾਪਦੰਡ ਉਸਦਾ ਜੀਵਨ ਦਰਸ਼ਨ ਹੈ। ਮੈਂ ਹਮੇਸ਼ਾ ਕਹਿੰਦਾ ਹਾਂ ਕਿ ਹਰ ਮਨੁੱਖ ਲਈ ਜੀਵਨ ਦਾ ਆਪਣਾ ਦਰਸ਼ਨ ਹੋਣਾ ਜ਼ਰੂਰੀ ਹੈ, ਕਿਉਂਕਿ ਇਸ ਦਰਸ਼ਨ ਦੀ ਮਦਦ ਨਾਲ ਉਹ ਸਮਝ ਸਕਦਾ ਹੈ ਕਿ ਉਹ ਸਹੀ ਕਰ ਰਿਹਾ ਹੈ ਜਾਂ ਗਲਤ। ਜਦੋਂ ਉਸਨੂੰ ਪਤਾ ਲੱਗੇਗਾ ਕਿ ਉਹ ਖੁਦ ਗਲਤ ਹੈ, ਤਾਂ ਹੀ ਉਹ ਆਪਣੇ ਦਰਸ਼ਨ ਦੀ ਮਦਦ ਨਾਲ ਆਪਣੀ ਤਰੱਕੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰੇਗਾ। ਮੈਂ ਆਪਣਾ ਜੀਵਨ ਦਰਸ਼ਨ ਤੈਅ ਕੀਤਾ ਹੈ। ਅੱਜ ਮੈਂ ਉਸ ਦਰਸ਼ਨ ਦੇ ਨਾਸਤਿਕ ਅਤੇ ਈਸ਼ਵਰਵਾਦੀ ਦੋਵਾਂ ਪਹਿਲੂਆਂ ਨੂੰ ਸਪੱਸ਼ਟ ਕਰਨ ਜਾ ਰਿਹਾ ਹਾਂ। ਮੈਨੂੰ ਸਾਂਖਯ ਦਰਸ਼ਨ ਦੇ ਤਿੰਨ ਗੁਣਾਂ 'ਤੇ ਅਧਾਰਤ ਅਤੇ ਭਗਵਦ ਗੀਤਾ ਵਿੱਚ ਵਿਸਤ੍ਰਿਤ ਹਿੰਦੂਆਂ ਦੇ ਨਾਸਤਿਕ ਦਰਸ਼ਨ ਨੂੰ ਨਾਪਸੰਦ ਹੈ। ਮੇਰੀ ਰਾਏ ਵਿੱਚ, ਇਹ ਰਿਸ਼ੀ ਕਪਿਲ ਦੇ ਦਰਸ਼ਨ ਦਾ ਇੱਕ ਬਹੁਤ ਹੀ ਵਿਗੜਿਆ ਰੂਪ ਹੈ। ਇਸ ਕਾਰਨ, ਜਾਤ ਪ੍ਰਣਾਲੀ ਅਤੇ ਦਰਜਾਬੰਦੀ ਵਾਲੀ ਅਸਮਾਨਤਾ ਦੀ ਪ੍ਰਣਾਲੀ ਹਿੰਦੂਆਂ ਦੇ ਸਮਾਜਿਕ ਜੀਵਨ ਦਾ ਇੱਕ ਬੁਨਿਆਦੀ ਨਿਯਮ ਬਣ ਗਈ ਹੈ। ਈਸ਼ਵਰਵਾਦੀ ਪੱਖ ਮੇਰਾ ਜੀਵਨ ਦਾ ਫ਼ਲਸਫ਼ਾ ਸਿਰਫ਼ ਤਿੰਨ ਸ਼ਬਦਾਂ ਵਿੱਚ ਪ੍ਰਗਟ ਹੁੰਦਾ ਹੈ। ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ। ਕਿਸੇ ਨੂੰ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਮੈਂ ਆਪਣੇ ਜੀਵਨ ਦੇ ਫ਼ਲਸਫ਼ੇ ਨੂੰ ਫਰਾਂਸੀਸੀ ਕ੍ਰਾਂਤੀ ਤੋਂ ਉਧਾਰ ਲਿਆ ਹੈ। ਮੈਂ ਇਹ ਇੱਕ ਵਾਰ ਫਿਰ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ। ਮੇਰੇ ਫ਼ਲਸਫ਼ੇ ਦੀਆਂ ਜੜ੍ਹਾਂ ਰਾਜਨੀਤੀ ਵਿੱਚ ਨਹੀਂ, ਸਗੋਂ ਧਰਮ ਵਿੱਚ ਹਨ। ਮੈਂ ਇਸ ਫ਼ਲਸਫ਼ੇ ਨੂੰ ਆਪਣੇ ਗੁਰੂ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਤੋਂ ਸਵੀਕਾਰ ਕੀਤਾ ਹੈ।

ਮੈਂ ਤੁਹਾਨੂੰ ਨਿਮਰਤਾ ਨਾਲ ਦੱਸਣਾ ਚਾਹੁੰਦਾ ਹਾਂ ਕਿ ਆਜ਼ਾਦੀ ਦਾ ਮੇਰੇ ਜੀਵਨ ਦੇ ਫ਼ਲਸਫ਼ੇ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਪਰ ਇਸਦੇ ਨਾਲ ਹੀ, ਪਾਬੰਦੀ ਆਜ਼ਾਦੀ ਅਤੇ ਸਮਾਨਤਾ ਲਈ ਘਾਤਕ ਸਾਬਤ ਹੁੰਦੀ ਹੈ। ਮੇਰੇ ਫ਼ਲਸਫ਼ੇ ਵਿੱਚ, ਸਮਾਨਤਾ ਦਾ ਆਜ਼ਾਦੀ ਨਾਲੋਂ ਉੱਚਾ ਸਥਾਨ ਹੈ। ਇਸ ਦੇ ਬਾਵਜੂਦ, ਇਸ ਵਿੱਚ ਪੂਰੀ ਸਮਾਨਤਾ ਲਈ ਬਿਲਕੁਲ ਵੀ ਕੋਈ ਥਾਂ ਨਹੀਂ ਹੈ। ਕਿਉਂਕਿ ਅਸੀਮਤ ਸਮਾਨਤਾ ਆਜ਼ਾਦੀ ਦੇ ਵਜੂਦ ਲਈ ਸੰਕਟ ਪੈਦਾ ਕਰਦੀ ਹੈ ਅਤੇ ਆਜ਼ਾਦੀ ਲਈ ਇੱਕ ਥਾਂ ਹੋਣੀ ਜ਼ਰੂਰੀ ਹੈ।

ਮੇਰੇ ਫ਼ਲਸਫ਼ੇ ਵਿੱਚ, ਕਾਨੂੰਨ ਅਤੇ ਵਿਵਸਥਾ ਦਾ ਸਥਾਨ ਸਿਰਫ਼ ਆਜ਼ਾਦੀ ਅਤੇ ਸਮਾਨਤਾ ਦੇ ਕਬਜ਼ੇ ਤੋਂ ਸੁਰੱਖਿਆ ਪ੍ਰਾਪਤ ਕਰਨ ਲਈ ਹੀ ਨਿਸ਼ਚਿਤ ਕੀਤਾ ਗਿਆ ਹੈ। ਹਾਲਾਂਕਿ, ਮੇਰੇ ਅਨੁਸਾਰ, ਕਾਨੂੰਨ ਦਾ ਸਥਾਨ ਬਹੁਤ ਮਾਮੂਲੀ ਹੈ। ਕਿਉਂਕਿ ਮੇਰਾ ਮੰਨਣਾ ਹੈ ਕਿ ਆਜ਼ਾਦੀ ਅਤੇ ਸਮਾਨਤਾ ਦੀ ਉਲੰਘਣਾ ਦੀ ਸਥਿਤੀ ਵਿੱਚ ਕਾਨੂੰਨ ਜ਼ਰੂਰ ਇੱਕ ਮਜ਼ਬੂਤ ਭੂਮਿਕਾ ਨਿਭਾ ਸਕਦਾ ਹੈ। ਮੈਂ ਭਾਈਚਾਰੇ ਨੂੰ ਸਭ ਤੋਂ ਉੱਚਾ ਸਥਾਨ ਦੇਣਾ ਚਾਹੁੰਦਾ ਹਾਂ

ਕਿਉਂਕਿ ਜੇਕਰ ਆਜ਼ਾਦੀ ਅਤੇ ਸਮਾਨਤਾ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਭਾਈਚਾਰਾ ਰੱਖਿਅਕ ਬਣ ਜਾਂਦਾ ਹੈ। ਸਹਿਭਾਵ ਭਾਈਚਾਰੇ ਦਾ ਦੂਜਾ ਨਾਮ ਹੈ। ਅਤੇ ਭਾਈਚਾਰਾ ਜਾਂ ਮਨੁੱਖਤਾ ਧਰਮ ਦਾ ਦੂਜਾ ਨਾਮ ਹੈ। ਕਾਨੂੰਨ ਜਾਂ ਸਹਿਭਾਵ ਦਾ ਮੁਲਾਂਕਣ ਕਰਦੇ ਸਮੇਂ ਇਹ ਅੰਤਰ ਜਾਣਿਆ ਜਾਂਦਾ ਹੈ ਕਿਉਂਕਿ ਕਾਨੂੰਨ ਧਰਮ ਤੋਂ ਪਰੇ ਹੈ ਅਤੇ ਕੋਈ ਵੀ ਇਸਨੂੰ ਤੋੜ ਸਕਦਾ ਹੈ। ਇਸ ਦੇ ਉਲਟ, ਸਹਿਭਾਵ ਜਾਂ ਧਰਮ ਨੂੰ ਇਸਦਾ ਸਤਿਕਾਰ ਕਰਨਾ ਹਰ ਕਿਸੇ ਦਾ ਫਰਜ਼ ਮੰਨਿਆ ਜਾਂਦਾ ਹੈ ਕਿਉਂਕਿ ਇਹ ਪਵਿੱਤਰ ਹੈ।

ਇਹ ਬਿਲਕੁਲ ਵੀ ਨਾ ਮੰਨੋ ਕਿ ਮੇਰਾ ਦਰਸ਼ਨ ਕਿਸੇ ਵੀ ਆਰਾਮਦਾਇਕ ਵਿਅਕਤੀ ਦਾ ਟੀਚਾ ਹੈ। ਮੇਰਾ ਦਰਸ਼ਨ ਇਨਕਲਾਬੀ ਹੈ ਕਿਉਂਕਿ ਇਹ ਸਮਾਜਿਕ ਜੀਵਨ ਦੇ ਤਿੰਨ ਗੁਣਾਂ ਨੂੰ ਖਤਮ ਕਰਕੇ ਹਿੰਦੂ ਸਮਾਜ ਵਿੱਚ ਕ੍ਰਾਂਤੀ ਲਿਆ ਸਕਦਾ ਹੈ। ਇਸੇ ਲਈ ਮੈਂ ਬਹੁਤ ਹਮਲਾਵਰ ਹਾਂ ਅਤੇ ਮੇਰੇ ਬਹੁਤ ਸਾਰੇ ਦੁਸ਼ਮਣ ਹਨ। ਪਰ ਮੈਨੂੰ ਅਜਿਹੇ ਦੁਸ਼ਮਣ ਪਸੰਦ ਹਨ। ਕਿਉਂਕਿ, ਮੈਂ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤ੍ਰਤਾ, ਸਮਾਨਤਾ, ਭਾਈਚਾਰਾ Rs- 100/month

ਜਾਣਦਾ ਹਾਂ ਕਿ ਉਹ ਮੇਰੀ ਗੱਲ ਧਿਆਨ ਨਾਲ ਸੁਣਦੇ ਹਨ।

ਮੇਰਾ ਦਰਸ਼ਨ ਸਿਰਫ਼ ਮੇਰੇ ਲਈ ਨਹੀਂ, ਇਹ ਸਾਰਿਆਂ ਲਈ ਹੈ। ਇਸਨੂੰ ਵੱਖ-ਵੱਖ ਸ਼ਬਦਾਂ ਵਿੱਚ ਕਹਿਣ ਲਈ, ਮੇਰੇ ਦਰਸ਼ਨ ਦਾ ਇੱਕ ਖਾਸ ਉਦੇਸ਼ ਹੈ। ਮੈਂ ਲੋਕਾਂ ਦੀ ਰਾਏ ਬਦਲਣਾ ਚਾਹੁੰਦਾ ਹਾਂ। ਮੈਂ ਤਿੰਨ ਗੁਣਾਂ ਦੇ ਪੈਰੋਕਾਰਾਂ ਨੂੰ ਮੇਰੇ ਦਰਸ਼ਨ ਨੂੰ ਤਿਆਗ ਕੇ ਸਵੀਕਾਰ ਕਰਨਾ ਚਾਹੁੰਦਾ ਹਾਂ। ਇਹ ਇੱਕ ਬਹੁਤ ਵੱਡਾ, ਯਾਦਗਾਰੀ ਕੰਮ ਹੈ ਅਤੇ ਇਸ ਵਿੱਚ ਬਹੁਤ ਸਮਾਂ ਲੱਗ ਸਕਦਾ ਹੈ।

ਅੱਜ, ਦੋ ਵੱਖ-ਵੱਖ ਵਿਚਾਰਧਾਰਾਵਾਂ ਭਾਰਤੀ ਲੋਕਾਂ 'ਤੇ ਸ਼ਾਸਨ ਕਰਦੀਆਂ ਹਨ। ਰਾਜ ਸੰਵਿਧਾਨ ਦੇ ਉਦੇਸ਼ ਪੱਤਰ ਵਿੱਚ ਪ੍ਰਗਟ ਕੀਤੇ ਗਏ ਉਦੇਸ਼ਵਾਦ ਅਤੇ ਧਰਮ ਵਿੱਚ ਨਿਹਿਤ ਸਮਾਜਿਕ ਉਦੇਸ਼ਵਾਦ। ਇੱਕ ਸਮਝਦਾਰ ਵਿਅਕਤੀ ਜਾਣਦਾ ਹੋਵੇਗਾ ਕਿ ਇਹ ਉਦੇਸ਼ ਅਸੰਗਤ ਹਨ। ਰਾਜਨੀਤਿਕ ਆਦਰਸ਼ਵਾਦ ਦੇ ਕਾਰਨ, ਜੀਵਨ ਦੇ ਇਹ ਤਿੰਨ ਮੁੱਲ, ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ, ਨੂੰ ਮਾਨਤਾ ਦਿੱਤੀ ਗਈ ਹੈ। ਪਰ ਸਨਾਤਨ ਮਾਨਸਿਕਤਾ ਦੇ ਪ੍ਰਚਲਿਤ ਸਮਾਜਿਕ ਉਦੇਸ਼ਵਾਦ ਦੇ ਕਾਰਨ, ਇਹਨਾਂ ਤਿੰਨਾਂ ਤੱਤਾਂ ਨੂੰ ਵਿਹਾਰਕ ਜੀਵਨ ਵਿੱਚ ਰੱਦ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਦਾ ਵਿਰੋਧੀ ਜੀਵਨ ਕਦੋਂ ਤੱਕ ਜਾਰੀ ਰਹੇਗਾ? ਕਿਸੇ ਨਾ ਕਿਸੇ ਸਮੇਂ, ਇੱਕ ਦੂਜੇ ਵਿੱਚ ਸ਼ਰਨ ਲੈਣ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ। ਮੈਨੂੰ ਆਪਣੇ ਜੀਵਨ ਦੇ ਦਰਸ਼ਨ ਵਿੱਚ ਪੂਰਾ ਵਿਸ਼ਵਾਸ ਹੈ ਅਤੇ ਇਸੇ ਲਈ ਅੱਜ ਇਹ ਜ਼ਿਆਦਾਤਰ ਭਾਰਤੀਆਂ ਦਾ ਰਾਜਨੀਤਿਕ ਉਦੇਸ਼ ਬਣ ਗਿਆ ਹੈ। ਮੈਨੂੰ ਉਮੀਦ ਹੈ ਕਿ ਕਿਸੇ ਦਿਨ ਇਹ ਸਾਰਿਆਂ ਦਾ ਸਮਾਜਿਕ ਉਦੇਸ਼ ਬਣ ਜਾਵੇਗਾ।

# ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਕਹਿੰਦੇ ਡਾਕਟਰ ਰੱਬ ਦਾ ਦੂਜਾ ਰੂਪ ਹੁੰਦਾ ਹੈ। ਪਰ ਜੇ ਇਹੋ ਦੂਜਾ ਰੂਪ ਕੋਈ ਕੋਈ ਅਜਿਹੀ ਅਣਗਹਿਲੀ ਕਰੇ ਜਿਸ ਨਾਲ ਬੰਦਾ ਮੌਤ ਦੇ ਮੂੰਹੋਂ ਮਸਾਂ ਬਚੇ ਤਾਂ ਫਿਰ ਕੀ ਕੀਤਾ ਜਾਵੇ ?ਗੱਲ 2017 ਦੀ ਹੈ।ਪਤਨੀ ਨੂੰ ਢਿੱਡ ਚ ਹਰਨੀਆ ਸਨ।ਇਲਾਜ ਲਈ ਮੈਂ ਉਨ੍ਹਾ ਨੂੰ ਸ਼ਹਿਰ ਦੇ ਇੱਕ ਨਾਮੀ ਪ੍ਰਾਈਵੇਟ ਹਸਪਤਾਲ ਲੈ ਗਿਆ।ਜਿੱਥੇ ਡਾਕਟਰ ਨਾਲ ਮੇਰੀ ਥੋੜ੍ਹੀ ਬਹੁਤੀ ਲਿਹਾਜ਼ ਵੀ ਸੀ।ਖੈਰ! ਡਾਕਟਰ ਵੱਲੋਂ ਪਤਨੀ ਦਾ ਚੈੱਕਅੱਪ ਕੀਤਾ ਗਿਆ ਤੇ ਅਪਰੇਸ਼ਨ ਦੀ ਤਰੀਕ ਦੇ ਦਿੱਤੀ ਗਈ।ਅਪ੍ਰੇਸ਼ਨ ਹਸਪਤਾਲ ਵੱਲੋਂ ਹਾਇਰ ਕੀਤੇ ਡਾਕਟਰ ਦੁਆਰਾ ਕੀਤਾ ਜਾਣਾ ਸੀ।ਜਿਸ ਨੇ ਮੁਹਾਲੀ ਤੋਂ ਆਉਣਾ ਸੀ।ਤਹਿ ਮਿਤੀ ਨੂੰ ਪਤਨੀ ਦਾ ਆਪਰੇਟ ਕਰ ਦਿੱਤਾ ਗਿਆ। ਕੁਝ ਦਿਨਾਂ ਪਿੱਛੋਂ ਸਬੰਧਤ ਮੈਡੀਸਨ ਤੇ ਜੋ ਪਰਹੇਜ਼ ਕੀਤਾ ਜਾਣਾ ਸੀ ਉਸ ਬਾਰੇ ਦਸ ਕੇ ਪਤਨੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਅਸੀਂ ਘਰ ਵਾਪਿਸ ਆ ਗਏ।ਪਰ ਕੁਝ ਦਿਨਾ ਪਿੱਛੋਂ ਪਤਨੀ ਦੇ ਢਿੱਡ ਚ ਪੀੜ ਹੋਣ ਲੱਗੀ।ਅਸੀਂ ਫੇਰ ਹਸਪਤਾਲ ਚਲੇ ਗਏ।ਡਾਕਟਰ ਨੇ ਚੈੱਕਅੱਪ ਕਰਨ ਪਿੱਛੋਂ ਕਿਹਾ ਕੇ ਇਨਫੈਕਸ਼ਨ ਹੋ ਗਈ ਹੈ ਜੋ ਜਲਦੀ ਠੀਕ ਹੋ ਜਾਵੇਗੀ।ਜਿਸ ਵਾਸਤੇ ਤੁਹਾਨੂੰ ਕੁਝ ਦਿਨ ਹਸਪਤਾਲ ਚ ਰੱਖਿਆ ਜਾਵੇਗਾ। ਅਸੀ ਡਾਕਟਰ ਦੀ ਗੱਲ ਮਨ ਹਸਪਤਾਲ ਚ ਦਾਖਲ ਹੋ ਗਏ ।ਦੋ ਕੁ ਦਿਨ ਬਾਅਦ ਇੱਕ ਦਿਨ ਸ਼ਾਮ ਨੂੰ ਪਤਨੀ ਦੀ ਸਿਹਤ ਜ਼ਿਆਦਾ ਖਰਾਬ ਗਈ। ਜਿਸ ਤੇ ਡਾਕਟਰ ਵੱਲੋਂ ਪਤਨੀ ਨੂੰ ਲੁਧਿਆਣੇ ਡੀਐਮਸੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉੱਥੇ ਪਤਨੀ ਨੂੰ ਪਹਿਲਾਂ ਐਮਰਜੈਂਸੀ ਰੱਖਿਆ ਗਿਆ ਤੇ ਮਗਰੋਂ 15 ਕੁ ਦਿਨਾਂ ਪਿੱਛੋਂ ਹਸਪਤਾਲ ਚੋ ਡਿਸਚਾਰਜ ਕਰ ਦਿੱਤਾ ਗਿਆ ਤੇ ਨਾਲ ਹੀ ਹਫ਼ਤੇ ਪਿੱਛੋਂ ਚੈੱਕ ਕਰਵਾਉਂਦੇ ਰਹਿਣ ਲਈ ਆਖਿਆ ਗਿਆ।ਅਸੀ ਡੀਐਮਸੀ ਦੇ ਹੈਡ ਕੋਲੋ ਘਰ ਜਾ ਕੇ ਚੈੱਕ ਅੱਪ ਕਰਵਾਉਂਦੇ ਰਹੇ ਤੇ ਦਵਾਈ ਵਗੈਰਾ ਲੈਂਦੇ ਰਹੇ।ਤਕਰੀਬਨ ਸਾਲ ਦਵਾਈ ਲਈ। ਪਰ ਛੇ ਮਹੀਨੇ ਆਰਾਮ ਰਹਿਣ ਪਿੱਛੋਂ ਪਤਨੀ ਦੇ ਫੇਰ ਦਰਦ ਸ਼ੁਰੂ ਹੋ ਗਿਆ।ਜਿਸ ਤੇ ਅਸੀਂ ਫੇਰ ਵੱਖ ਵੱਖ ਡਾਕਟਰਾਂ ਤੋਂ ਚੈੱਕਅੱਪ ਕਰਵਾਇਆ।ਉਹਨਾਂ ਸਾਨੂੰ ਲੁਧਿਆਣੇ ਜਾਂ ਚੰਡੀਗੜ੍ਹ ਤੋਂ ਇਲਾਜ਼ ਕਰਵਾਉਣ ਦੀ ਸਲਾਹ ਦਿੱਤੀ।ਸਾਨੂੰ ਸਮਝ ਨਾ ਆਵੇ ਕੇ ਕਿੱਥੋਂ ਇਲਾਜ਼ ਕਰਵਾਇਆ ਜਾਵੇ।ਅਸੀਂ ਚੋਖੇ ਪ੍ਰੇਸ਼ਾਨ ਹੋ ਗਏ। ਕਿਉਂਕਿ ਅਸਲ ਪ੍ਰੋਬਲਮ ਕਿਸੇ ਡਾਕਟਰ ਨੂੰ ਸਮਝ ਨਹੀਂ ਆ ਰਹੀ ਸੀ ਉੱਤੋਂ -15 ਲੱਖ ਰੁਪਿਆ ਖਰਚ ਆ ਚੁੱਕਾ ਸੀ।ਮਾਨਸਕ ਪਰੇਸ਼ਾਨੀ ਵੱਖਰੀ। ਇਸੇ ਦੌਰਾਨ ਮੈਂ ਆਪਣੇ ਇਕ ਦੋਸਤ ਜੋ ਪੇਸ਼ੇ ਵਜੋ ਡਾਕਟਰ ਸੀ ਉਸ ਨਾਲ ਇਸ ਸਾਰੇ ਕੁਛ ਬਾਰੇ ਸਲਾਹ ਕੀਤੀ। ਕਿਉਂਕਿ ਉਸਦੀ ਬੇਟੀ ਚੰਡੀਗੜ੍ਹ ਦੇ ਸੈਕਟਰ -16 ਦੇ ਸਰਕਾਰੀ ਹਸਪਤਾਲ ਚ ਸਰਜਨ ਸੀ।ਆਪਣੇ ਦੋਸਤ ਦੇ ਕਹਿਣ ਤੇ ਮੈਂ ਪਤਨੀ ਨੂੰ ਚੰਡੀਗੜ੍ਹ ਹਸਪਤਾਲ ਲੈ ਗਿਆ।ਜਿੱਥੇ ਸਕੈਨ ਕੀਤੇ ਜਾਣ ਉੱਤੇ ਪੇਟ ਚ ਕਿਸੇ ਚੀਜ਼ ਦੇ ਹੋਣ ਦੀ ਰਿਪੋਰਟ ਆਈ। ਜਿਸ ਤੇ ਡਾਕਟਰਾਂ ਵਲੋਂ ਆਪ੍ਰੇਸ਼ਨ ਦੀ ਸਲਾਹ ਦਿੱਤੀ ਗਈ ਤੇ ਦੋ ਦਿਨ ਬਾਅਦ ਉਸ ਹਸਪਤਾਲ ਦੇ ਹੈੱਡ ਸਰਜਨ ਵੱਲੋਂ ਮੇਰੀ ਪਤਨੀ ਦਾ ਅਪ੍ਰੇਸ਼ਨ ਕੀਤਾ ਗਿਆ।ਜੋ ਤਕਰੀਬਨ 6ਘੰਟੇ ਚੱਲਿਆ।ਅਪ੍ਰੇਸ਼ਨ ਕਰਨ ਵਾਲੀ ਟੀਮ ਚ ਮੇਰੇ ਦੋਸਤ ਦੀ ਬੇਟੀ ਵੀ ਸ਼ਾਮਲ ਸੀ।ਆਪ੍ਰੇਸ਼ਨ ਉਪਰੰਤ ਦੋਸਤ ਦੀ ਬੇਟੀ ਸਾਡੇ ਕੋਲ ਆਈ ਤੇ ਵਾਈਫ ਦੇ ਪੇਟ ਚੋ ਨਿਕਲਿਆ ਮਾਸ ਦਾ ਟੁੱਕੜਾ ਵਿਖਾਉਂਦੇ ਹੋਏ ਕਹਿਣ ਲੱਗੀ,' ਅੰਕਲ ਜੀ ! ਆਂਟੀ ਦੇ ਪੇਟ ਚੋਂ ਗੌਜਿਜ (ਸਪੰਜ ) ਨਿਕਲੀ ਹੈ।ਜੋ ਸ਼ਾਇਦ ਪਹਿਲਾਂ ਹੋਏ ਆਪ੍ਰੇਸ਼ਨ ਦੌਰਾਨ ਪੇਟ ਚ ਰਹਿ ਗਈ ਲੱਗਦੀ ਹੈ'।ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਵਕਤ ਮੇਰਾ ਬੇਟਾ ਵੀ ਕੋਲ ਸੀ।ਅਪ੍ਰੇਸ਼ਨ ਉਪਰੰਤ ਪਤਨੀ ਦੇ ਪੇਟ ਚੋਂ ਨਿਕਲੇ ਮਾਸ ਦੇ ਟੁਕੜੇ ਨੂੰ ਲੈਬੋਟਰੀ ਭੇਜਿਆ ਗਿਆ। ਜਿਸਦੀ 21 ਦਿਨਾ ਪਿੱਛੋਂ ਰਿਪੋਰਟ ਆਈ ਤਾਂ ਗੌਜਿਜ ਦੀ ਪੁਸ਼ਟੀ ਹੋ ਗਈ ਹੈ।ਕੁੱਝ ਦਿਨਾਂ ਬਾਅਦ ਹਸਪਤਾਲ ਤੋਂ ਛੁੱਟੀ ਮਿਲਣ ਤੇ ਅਸੀਂ ਘਰ ਵਾਪਸ ਆ ਗਏ।ਜਦੋ ਇਸ ਸੰਬੰਧੀ ਅਸੀ ਉਸ ਹਸਪਤਾਲ ਦੇ ਡਾਕਟਰ ਕੋਲ ਨੂੰ ,ਜਿਸ ਤੋਂ 2017 ਚ ਅਪ੍ਰੇਸ਼ਨ ਕਰਵਾਇਆ ਸੀ,ਜਾ ਕੇ ਦੱਸਿਆ ਕੇ ਤੁਹਾਡੇ ਡਾਕਟਰ ਵੱਲੋਂ ਅਪ੍ਰੇਸ਼ਨ ਸਮੇਂ ਲਾਹਪਰਵਾਹੀ ਕਰਦੇ ਹੋਏ ਪੇਟ ਚ ਗੌਜਿਜ ਛੱਡ ਦਿੱਤੀ ਗਈ ਸੀ।ਪਹਿਲਾਂ ਤਾ ਉਹ ਡਾਕਟਰ ਸਾਫ਼ ਹੀ ਮੁੱਕਰ ਗਿਆ ਕੇ ਅਸੀ ਤਾ ਅਪ੍ਰੇਸ਼ਨ ਕੀਤਾ ਹੀ ਨਹੀਂ ।ਪਰ ਜਦੋ ਉਸ ਨੂੰ ਉਸ ਦੇ ਆਪ੍ਰੇਸ਼ਨ ਥੀਏਟਰ ਦੀ 10 ਹਜ਼ਾਰ ਓ ਟੀ ਫੀਸ ਵਾਲਾ ਬਿੱਲ ਤੇ ਹੋਰ ਦਸਤਾਵੇਜ਼ ਵਿਖਾਏ ਤਾਂ ਉਹ ਕਹਿਣ ਲੱਗਾ ਕੇ ਜਿਸ ਡਾਕਟਰ ਨੇ ਅਪ੍ਰੇਸ਼ਨ ਕੀਤਾ ਹੈ ਉਹ ਉਸ ਨੂੰ ਬੁਲਾਵੇਗਾ।ਫਿਰ ਕੀ ਸੀ ਡਾਕਟਰ ਵੱਲੋਂ ਸ਼ਫਾਰਸ਼ਾਂ ਦੀ ਝੜੀ ਲੱਗ ਗਈ। ਮੀਟਿੰਗ ਕਰਨ ਲਈ ਸੁਨੇਹੇ ਆਉਣ ਲੱਗੇ।ਜਿਸ ਤੇ ਇੱਕ ਸਾਂਝੇ ਦੋਸਤ ਦੇ ਘਰ ਮੀਟਿੰਗ ਹੋਈ।ਜਿੱਥੇ ਉਹ ਡਾਕਟਰ ਜਿਸ ਨੇ ਵਾਈਫ ਦਾ ਅਪ੍ਰੇਸ਼ਨ ਕੀਤਾ ਸੀ ਤੇ ਕੁੱਝ ਹੋਰ ਪਤਵੰਤੇ ਮੌਜੂਦ ਹੋਏ। ਪਰ ਬੜੀ ਹੈਰਾਨੀ ਹੋਈ ਜਦੋ ਡਾਕਟਰ ਖੁਦ ਦੀ ਗਲਤੀ ਮੰਨੇ ਜਾਣ ਦੀ ਥਾਂ ਇਹ ਕਹਿਣ ਲੱਗਾ ਕੇ ਸਟੀਚਿੰਗ ਵੇਲੇ ਮੇਰੇ ਸਹਾਇਕ ਕੋਲੋਂ ਗੌਜੀਜ ਰਹਿ ਗਈ ਹੋਵੇਗੀ।ਜਿਸ ਤੇ ਮੈਨੂੰ ਡਾਕਟਰ ਵੱਲੋਂ ਕੀਤੀ ਗਈ ਅਣਗਹਿਲੀ,ਅਣਗਹਿਲੀ ਨਹੀਂ ਸਗੋਂ ਇੱਕ ਬੱਜਰ ਗੁਨਾਹ ਜਾਪਿਆ।ਕਿਉਂਕਿ ਡਾਕਟਰ ਦੀ ਉਸ ਨਿੱਕੀ ਜਿਹੀ ਲਾਹਪਰਵਾਹੀ ਦੀ ਵਜ੍ਹਾ ਕਰਕੇ ਮੇਰੀ ਪਤਨੀ ਨੇ ਤਿੰਨ ਵਰ੍ਹੇ ਬੜਾ ਦੁੱਖ ਭੋਗਿਆ ਅਤੇ ਡਾਕਟਰ ਦੀ ਉਸ ਅਣਗਹਿਲੀ ਕਾਰਨ ਮੇਰੀ ਪਤਨੀ ਦੀ ਸਿਹਤ ਨਾਲ ਜੋ ਖਿਲਵਾੜ ਹੋਇਆ,ਉਸ ਦਾ ਖ਼ਮਿਆਜ਼ਾ ਅਸੀਂ ਅੱਜ ਵੀ ਭੁਗਤ ਰਹੇ ਹਾਂ।ਇਸ ਤਰਾਂ ਡਾਕਟਰ ਵੱਲੋਂ ਪੇਟ ਚ ਗੌਜੀਜ ਛੱਡੇ ਜਾਣ ਨੂੰ ਹਲਕੇ ਚ ਲੈਣਾ ਤੇ ਫੇਰ ਉਸਦੀ ਜ਼ਿੰਮੇਵਾਰੀ ਸਹਾਇਕ ਤੇ ਸੁੱਟ ਕੇ ਖ਼ੁਦ ਦੀ ਜ਼ਿੰਮੇਵਾਰੀ ਤੋਂ ਪੱਲ੍ਹਾ ਝਾੜ ਲੈਣਾ ਮੈਨੂੰ " ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ "ਵਾਲੀ ਗੱਲ ਜਾਪੀ। ਜਿਸ ਨੂੰ ਸਾਡਾ ਪਰਵਾਰ ਅੱਜ ਤੱਕ ਨਹੀਂ ਭੁੱਲ ਸਕਿਆ।



ਅਜੀਤ ਖੰਨਾ ( ਲੈਕਚਰਾਰ )

ਮੋਬਾਈਲ:76967-54669

ਫਾਈਲ ਫੋਟੋ : ਲੈਕ:ਅਜੀਤ ਖੰਨਾ

# ਸਾਬਕਾ ਕੈਬਨਿਟ ਮੰਤਰੀ ਗੁਲਜਾਰ ਸਿੰਘ ਰਣੀਕੇ ਵੱਲੋਂ ਬਿਰਧ ਆਸ਼ਰਮ ਦਾ ਦੌਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਸੰਗਰੂਰ,2 ਜੂਨ (ਜਗਸੀਰ ਲੌਂਗੋਵਾਲ ) - ਬਾਬਾ ਸਾਹਿਬ ਦਾਸ ਬਿਰਧ ਆਸ਼ਰਮ ਘਰਾਚੋ ਵਿਖੇ ਅੱਜ ਸਾਬਕਾ ਕੈਬਨਿਟ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਵਿਸ਼ੇਸ਼ ਰੂਪ ਵਿੱਚ ਬਜ਼ੁਰਗਾਂ ਨੂੰ ਮਿਲਣ ਲਈ ਪਹੁੰਚੇ, ਉਹਨਾਂ ਨੇ ਇੱਥੇ ਰਹਿ ਰਹੇ ਸਾਰੇ ਬਜ਼ੁਰਗਾਂ ਨਾਲ ਬੈਠ ਕੇ ਗੱਲਾਂ ਬਾਤਾਂ ਕੀਤੀਆਂ ਪ੍ਰੈਸ ਨਾਲ ਗੱਲ ਕਰਦੇ ਹੋਏ ਉਹਨਾਂ ਆਖਿਆ ਕਿ ਅਵਿਨਾਸ਼ ਰਾਣਾ ਅਤੇ ਉਹਨਾਂ ਦੀ ਟੀਮ ਵੱਲੋਂ ਜਿਹੜਾ ਇਹਨਾਂ ਬਜ਼ੁਰਗਾਂ ਦੀ ਸੇਵਾ ਸੰਭਾਲ ਲਈ ਕਾਰਜ ਕੀਤਾ ਜਾ ਰਿਹਾ ਹੈ ਇਹ ਆਪਣੇ ਆਪ ਵਿੱਚ ਇੱਕ ਬਹੁਤ ਹੀ ਵਧੀਆ ਅਤੇ ਵਿਲੱਖਣ ਕਾਰਜ ਹੈ ਇਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਉਨੀ ਘੱਟ ਹੈ ਉਹਨਾਂ ਆਖਿਆ ਕਿ ਆਪਣੇ ਪਰਿਵਾਰ ਦੇ ਕਿਸੇ ਇੱਕ ਬਜ਼ੁਰਗ ਨੂੰ ਸੰਭਾਲਣਾ ਲੋਕਾਂ ਲਈ ਮੁਸ਼ਕਿਲ ਹੋ ਜਾਂਦਾ ਹੈ ,ਇਹ ਧੰਨ ਹਨ ਜਿਹੜੇ ਇਨੇ ਬਜ਼ੁਰਗਾਂ ਨੂੰ ਸੰਭਾਲਦੇ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੀਕਿਊਟਿਵ ਮੈਂਬਰ ਮੁਖਵਿੰਦਰ ਸਿੰਘ ਖਾਪੜਖੇੜੀ ਨੇ ਆਖਿਆ ਕਿ ਸ੍ਰੀ ਅਵਿਨਾਸ਼ ਰਾਣਾ ਤੇ ਉਹਨਾਂ ਦੀ ਟੀਮ ਨੂੰ ਵਾਹਿਗੁਰੂ ਵੱਲੋਂ ਇਹ ਜੋ ਸੇਵਾ ਬਖਸ਼ੀ ਗਈ ਹੈ ਇਹ ਇੱਕ ਵਿਲੱਖਣ ਸੇਵਾ ਹੈ, ਇਸ ਮੌਕੇ ਅਵਿਨਾਸ਼ ਰਾਣਾ ਚੇਅਰਮੈਨ



ਬਾਬਾ ਸਾਹਿਬ ਦਾਸ ਬਿਰਧ ਆਸ਼ਰਮ ਨੇ ਕਿਹਾ ਕਿ ਅੱਜ ਸਾਨੂੰ ਬੇਹੱਦ ਖੁਸ਼ੀ ਅਤੇ ਮਾਣ ਹੈ ਕਿ ਸਰਦਾਰ ਗੁਲਜਾਰ ਸਿੰਘ ਰਣੀਕੇ ਇਹਨਾਂ ਬਜ਼ੁਰਗਾਂ ਨੂੰ ਮਿਲਣ ਲਈ ਪਹੁੰਚੇ ਹਨ ਇਸ ਸਮੇਂ ਰੇਨੂ ਰਾਣਾ ਕਨਵੀਨਰ ਹਿਊਮਨ ਰਾਈਟਸ ਸੈਲ ਨੇ ਕਿਹਾ ਕਿ ਗੁਲਜਾਰ ਸਿੰਘ ਰਣੀਕੇ ਪਹਿਲਾ ਵੀ ਬਜ਼ੁਰਗਾਂ ਦੀ ਸੇਵਾ ਸੰਭਾਲ ਲਈ ਇਹ ਸੰਸਥਾ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ ।ਇਸ ਮੌਕੇ ਦਿਲਰਾਜ ਸਿੰਘ ਗਿੱਲ ਸੁਰਜੀਤ ਸਿੰਘ ਪ੍ਰਧਾਨ ਅੰਮ੍ਰਿਤਸਰ ਅਕਾਲੀ ਦਲ ਸ਼ਹਿਰੀ ਕਰਨੈਲ ਸਿੰਘ ਆਸਵੀਰ ਸਿੰਘ ਗੁਰਪ੍ਰੀਤ ਸਿੰਘ ਆਦਿ ਤੋਂ ਇਲਾਵਾ ਫਿਰ ਆਸ਼ਰਮ ਦੇ ਸਾਰੇ ਸਟਾਫ ਮੈਂਬਰ ਅਤੇ ਬਜ਼ੁਰਗ ਮੌਜੂਦ ਸਨ।

# ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਨੇ ਦੁਨੀਆ ਦਾ ਦ੍ਰਿਸ਼ ਬਦਲ ਦਿੱਤਾ - ਪਾਕਿਸਤਾਨ ਅਤੇ ਅਮਰੀਕਾ ਹੈਰਾਨ ਸਨ, ਚੀਨ ਦੇਖਦਾ ਰਿਹਾ!

**ਭਾਰਤ ਦੀ ਵਧਦੀ ਅਤੇ ਮਜ਼ਬੂਤ ਅਰਥਵਿਵਸਥਾ ਅਤੇ ਵਿਦੇਸ਼ੀ ਮੁਦਰਾ ਭੰਡਾਰ ਤੋਂ ਪੂਰੀ ਦੁਨੀਆ ਹੈਰਾਨ ਹੈ - ਸੋਨੇ ਦੇ ਭੰਡਾਰ ਵਿੱਚ ਵੀ ਵਾਧਾ, ਵਿਸ਼ਵ ਪੱਧਰ 'ਤੇ ਭਾਰਤੀ ਅਰਥਵਿਵਸਥਾ, ਵਿਦੇਸ਼ੀ ਮੁਦਰਾ ਭੰਡਾਰਨ ਸਪੇਸ, ਰੱਖਿਆ ਖੇਤਰਾਂ ਵਿੱਚ ਤੇਜ਼ ਅਤੇ ਜ਼ਬਰਦਸਤ ਵਿਕਾਸ ਦੇ ਬਾਵਜੂਦ, ਵਿਸ਼ਵ ਪੱਧਰ 'ਤੇ ਖੁਸ਼ੀ, ਗਰੀਬੀ, ਭੁੱਖਮਰੀ ਸੂਚਕਾਂਕ ਵਿੱਚ ਤਰਸਯੋਗ ਸਥਿਤੀ ਨੂੰ ਰੇਖਾਂਕਿਤ ਕਰਨਾ ਜ਼ਰੂਰੀ ਹੈ - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਗੋਂਡੀਆ - ਵਿਸ਼ਵ ਪੱਧਰ 'ਤੇ, ਦੁਨੀਆ ਸਮੂਹਾਂ ਵਿੱਚ ਵੰਡੀ ਜਾ ਰਹੀ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਵੱਧ ਦੇਸ਼ ਛੋਟੀਆਂ-ਛੋਟੀਆਂ ਗੱਲਾਂ 'ਤੇ ਟਕਰਾਉਂਦੇ ਹਨ ਅਤੇ ਯੁੱਧ ਦੇ ਪਹਿਲੂ ਤੱਕ ਪਹੁੰਚ ਜਾਂਦੇ ਹਨ। ਹਾਲ ਹੀ ਵਿੱਚ ਅਸੀਂ ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਕੁਝ ਘੰਟਿਆਂ ਦੀ ਭਿਆਨਕ ਜੰਗ ਦੇਖੀ ਜਿਸ ਵਿੱਚ ਇੱਕ ਸਿਪਾਹੀ ਸ਼ਹੀਦ ਹੋ ਗਿਆ। ਦੂਜੇ ਪਾਸੇ, ਭਾਰਤ-ਪਾਕਿਸਤਾਨ, ਤਾਲਿਬਾਨ-ਪਾਕਿਸਤਾਨ, ਦੱਖਣੀ ਅਤੇ ਉੱਤਰੀ ਕੋਰੀਆ ਸਮੇਤ ਕਈ ਦੇਸ਼ਾਂ ਵਿਚਕਾਰ ਝੜਪਾਂ ਹੋ ਰਹੀਆਂ ਹਨ। ਦੂਜੇ ਪਾਸੇ, ਰੂਸ-ਯੂਕਰੇਨ ਹਮਾਸ-ਇਜ਼ਰਾਈਲ ਯੁੱਧ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਕੁਦਰਤੀ ਤੌਰ 'ਤੇ, ਉਨ੍ਹਾਂ ਦੇ ਮੈਂਬਰ ਦੇਸ਼ਾਂ ਦਾ ਇੱਕ ਸਮੂਹ ਉਨ੍ਹਾਂ ਦੇ ਪਿੱਛੇ ਸ਼ਾਮਲ ਹੈ, ਜਿਸ ਕਾਰਨ ਯੁੱਧ ਲੰਮਾ ਹੁੰਦਾ ਰਹਿੰਦਾ ਹੈ, ਜਿਸਦਾ ਸਿੱਧਾ ਪ੍ਰਭਾਵ ਅਰਥਵਿਵਸਥਾ ਅਤੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਪੈਂਦਾ ਹੈ, ਜੋ ਕਿ ਹਰ ਦੇਸ਼ ਦੀ ਜਾਨ ਹਨ। ਜੇਕਰ ਇਹ ਦੋਵੇਂ ਪੂਰੀ ਤਰ੍ਹਾਂ ਹੇਠਾਂ ਆ ਜਾਂਦੇ ਹਨ, ਤਾਂ ਉਸ ਦੇਸ਼ ਨੂੰ ਗੁਲਾਮੀ ਵਿੱਚ ਸਮਝੋ! ਇਸ ਲਈ, ਹਰ ਦੇਸ਼ ਲਈ ਆਪਣੀ ਆਰਥਿਕਤਾ ਅਤੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਮਜ਼ਬੂਤ ਰੱਖਣਾ ਮਹੱਤਵਪੂਰਨ ਹੈ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਹਾਲ ਹੀ ਵਿੱਚ RBI ਨੇ ਕੁਝ ਅੰਕੜੇ ਜਾਰੀ ਕੀਤੇ ਹਨ, ਜਿਸ ਵਿੱਚ ਇਸ ਹਫ਼ਤੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ 6.99 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਤੁਹਾਨੂੰ ਦੱਸ ਦੇਈਏ ਕਿ ਭਾਰਤ ਪਹਿਲਾਂ ਹੀ ਜਾਪਾਨ ਨੂੰ ਹਰਾ ਕੇ ਨੰਬਰ 4 ਦੀ ਅਰਥਵਿਵਸਥਾ 'ਤੇ ਪਹੁੰਚ ਗਿਆ ਹੈ। ਇੰਨੀ ਤੇਜ਼ੀ ਨਾਲ ਤਰੱਕੀ ਦੇਖ ਕੇ ਪੂਰੀ ਦੁਨੀਆ ਹੈਰਾਨ ਹੈ। ਪਰ ਮੈਂ ਇਹ ਨਹੀਂ ਸਮਝ ਪਾ ਰਿਹਾ ਕਿ, ਹਰ ਖੇਤਰ ਵਿੱਚ ਇੰਨੀ ਤਰੱਕੀ ਅਤੇ ਅਰਥਵਿਵਸਥਾ ਵਿੱਚ ਜ਼ਬਰਦਸਤ ਸੁਧਾਰ ਦੇ ਬਾਵਜੂਦ, ਇਹ ਮਜ਼ਬੂਤ ਹੋ ਰਿਹਾ ਹੈ, ਅਸੀਂ ਖੁਸ਼ੀ, ਭੁੱਖਮਰੀ, ਗਰੀਬੀ ਵਰਗੇ ਕਈ ਬੁਨਿਆਦੀ ਸਹੂਲਤਾਂ ਦੇ ਸੂਚਕਾਂਕ ਵਿੱਚ ਵਿਸ਼ਵ ਪੱਧਰ 'ਤੇ ਕਿਉਂ ਪਿੱਛੇ ਹਾਂ? ਇਸ ਲੇਖ ਰਾਹੀਂ, ਮੈਂ ਇਸ ਲੇਖ ਰਾਹੀਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਉਜਾਗਰ ਕਰਕੇ, ਉਹ ਖੁਦ ਇਸਦਾ ਨੋਟਿਸ ਲੈਣ ਅਤੇ ਇੱਕ ਕਮੇਟੀ ਜਾਂ ਮੰਤਰਾਲਾ ਬਣਾਉਣ ਅਤੇ ਇਹਨਾਂ ਸੂਚਕਾਂਕਾਂ ਵਿੱਚ ਦਰਜਾਬੰਦੀ ਨੂੰ ਘੱਟੋ-ਘੱਟ 1 ਤੋਂ 20 ਤੱਕ ਲਿਆਉਣ ਲਈ ਤੁਰੰਤ ਕਾਰਵਾਈ ਕਰਨ, ਅਤੇ ਸਾਲ 2026 ਦੇ ਸੂਚਕਾਂਕ ਵਿੱਚ ਇਸਨੂੰ 1 ਤੋਂ 20 ਦੀ ਸ਼੍ਰੇਣੀ ਵਿੱਚ ਲਿਆਉਣ ਲਈ ਇੱਕ ਵਿਜ਼ਨ ਇੰਡੈਕਸ ਸ਼੍ਰੇਣੀ 2026 ਬਣਾਉਣ, ਕਿਉਂਕਿ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਨੇ ਵਿਸ਼ਵ ਦ੍ਰਿਸ਼ ਨੂੰ ਬਦਲ ਦਿੱਤਾ ਸੀ, ਪਾਕਿਸਤਾਨ, ਅਮਰੀਕਾ ਅਤੇ ਚੀਨ ਹੈਰਾਨ ਸਨ! ਇਸ ਲਈ, ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ, ਭਾਰਤੀ ਅਰਥਵਿਵਸਥਾ, ਵਿਦੇਸ਼ੀ ਮੁਦਰਾ ਭੰਡਾਰਨ ਸਥਾਨ, ਰੱਖਿਆ ਖੇਤਰਾਂ ਵਿੱਚ ਵਿਸ਼ਵ ਪੱਧਰ 'ਤੇ ਤੇਜ਼ ਅਤੇ ਜ਼ਬਰਦਸਤ ਛਾਲ ਦੇ ਬਾਵਜੂਦ, ਵਿਸ਼ਵ ਪੱਧਰ 'ਤੇ ਖੁਸ਼ਹਾਲੀ, ਗਰੀਬੀ, ਭੁੱਖਮਰੀ ਸੂਚਕਾਂਕ ਵਿੱਚ ਤਰਸਯੋਗ ਸਥਿਤੀ ਨੂੰ ਉਜਾਗਰ ਕਰਨਾ ਮਹੱਤਵਪੂਰਨ ਹੈ।

ਦੋਸਤੋ, ਜੇਕਰ ਅਸੀਂ RBI ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਵਿੱਚ ਇਸ ਸਾਲ ਵਿਦੇਸ਼ੀ ਮੁਦਰਾ ਭੰਡਾਰ 6.99 ਬਿਲੀਅਨ ਡਾਲਰ ਵਧ ਕੇ 692.72 ਬਿਲੀਅਨ ਡਾਲਰ ਹੋ ਗਿਆ ਹੈ, ਤਾਂ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਸੀ ਕਿ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 23 ਮਈ ਨੂੰ ਖਤਮ ਹੋਏ ਹਫ਼ਤੇ ਵਿੱਚ 6.99 ਬਿਲੀਅਨ ਡਾਲਰ ਵਧ ਕੇ 692.72 ਬਿਲੀਅਨ ਡਾਲਰ ਹੋ ਗਿਆ ਹੈ, ਇਸ ਤੋਂ ਪਹਿਲਾਂ, ਕੁੱਲ ਵਿਦੇਸ਼ੀ ਮੁਦਰਾ ਭੰਡਾਰ 16 ਮਈ ਨੂੰ ਖਤਮ ਹੋਏ ਹਫ਼ਤੇ ਵਿੱਚ 4.89 ਬਿਲੀਅਨ ਡਾਲਰ ਘੱਟ ਕੇ 685.73 ਬਿਲੀਅਨ ਡਾਲਰ ਹੋ ਗਿਆ ਸੀ, ਸਤੰਬਰ 2024 ਦੇ ਅੰਤ ਵਿੱਚ, ਵਿਦੇਸ਼ੀ ਮੁਦਰਾ ਭੰਡਾਰ 704.88 ਬਿਲੀਅਨ ਡਾਲਰ ਦੇ ਜੀਵਨ ਭਰ ਦੇ ਉੱਚ ਪੱਧਰ 'ਤੇ ਪਹੁੰਚ ਗਿਆ ਸੀ, ਜਿਸਦਾ ਅਰਥ ਹੈ ਕਿ ਭਾਰਤ ਨੂੰ ਹੁਣ ਵਿਦੇਸ਼ੀ ਮੁਦਰਾ ਭੰਡਾਰ ਲਈ ਇੱਕ ਨਵਾਂ ਰਿਕਾਰਡ ਬਣਾਉਣ ਲਈ 12 ਬਿਲੀਅਨ ਡਾਲਰ ਤੋਂ ਵੱਧ ਦੀ ਜ਼ਰੂਰਤ ਹੈ। ਆਰਬੀਆਈ ਦੇ ਅੰਕੜਿਆਂ ਅਨੁਸਾਰ, 23 ਮਈ ਨੂੰ ਖਤਮ ਹੋਏ ਹਫ਼ਤੇ ਵਿੱਚ, ਵਿਦੇਸ਼ੀ ਮੁਦਰਾ ਸੰਪਤੀਆਂ, ਜੋ ਕਿ ਵਿਦੇਸ਼ੀ ਮੁਦਰਾ ਭੰਡਾਰ ਦਾ ਇੱਕ ਵੱਡਾ ਹਿੱਸਾ ਹੈ, 45.16 ਲੱਖ ਡਾਲਰ ਵਧ ਕੇ 586.17 ਬਿਲੀਅਨ ਡਾਲਰ ਹੋ ਗਈਆਂ, ਜਦੋਂ ਕਿ ਦੂਜੇ ਪਾਸੇ ਸੋਨੇ ਦਾ ਭੰਡਾਰ 2.37 ਬਿਲੀਅਨ ਡਾਲਰ ਵਧ ਕੇ 83.58 ਬਿਲੀਅਨ ਡਾਲਰ ਹੋ ਗਿਆ। ਅਰਬ ਡਾਲਰ, ਭਾਰਤ ਦਾ ਐਸਡੀਆਰ 81 ਮਿਲੀਅਨ ਡਾਲਰ ਵਧ ਕੇ 18.57 ਬਿਲੀਅਨ ਡਾਲਰ ਹੋ ਗਿਆ, ਕੇਂਦਰੀ ਬੈਂਕ ਦੇ ਅੰਕੜਿਆਂ ਅਨੁਸਾਰ, ਅੰਤਰਰਾਸ਼ਟਰੀ ਮੁਦਰਾ ਫੰਡ ਕੋਲ ਭਾਰਤ ਦਾ ਰਿਜ਼ਰਵ ਵੀ ਸਮੀਖਿਆ ਅਧੀਨ ਹਫ਼ਤੇ ਵਿੱਚ ਤਿੰਨ ਕਰੋੜ ਡਾਲਰ ਵਧ ਕੇ 4.40 ਬਿਲੀਅਨ ਡਾਲਰ ਹੋ ਗਿਆ। ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਮਾਮੂਲੀ ਵਾਧਾ ਚੀਨ ਮੀਡੀਆ ਰਿਪੋਰਟ ਦੇ ਅਨੁਸਾਰ, ਪਾਕਿਸਤਾਨ ਸੈਂਟਰਲ ਬੈਂਕ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਸਟੇਟ ਬੈਂਕ ਆਫ਼ ਪਾਕਿ (ਐਸਬੀਪੀ) ਕੋਲ ਰੱਖੇ ਗਏ ਵਿਦੇਸ਼ੀ ਮੁਦਰਾ ਭੰਡਾਰ ਵਿੱਚ 70 ਮਿਲੀਅਨ ਅਮਰੀਕੀ ਡਾਲਰ ਦਾ ਵਾਧਾ ਹੋਇਆ ਹੈ। ਐਸਬੀਪੀ ਨੇ ਕਿਹਾ ਕਿ 23 ਮਈ ਨੂੰ ਖਤਮ ਹੋਏ ਹਫ਼ਤੇ ਦੌਰਾਨ, ਬੈਂਕ ਦਾ ਕੁੱਲ ਵਿਦੇਸ਼ੀ ਮੁਦਰਾ ਭੰਡਾਰ ਲਗਭਗ 11.52 ਬਿਲੀਅਨ ਡਾਲਰ ਸੀ, ਬਿਆਨ ਵਿੱਚ ਕਿਹਾ ਗਿਆ ਹੈ ਕਿ ਵਪਾਰਕ ਬੈਂਕਾਂ ਕੋਲ ਰੱਖੇ ਗਏ ਸ਼ੁੱਧ ਵਿਦੇਸ਼ੀ ਮੁਦਰਾ ਭੰਡਾਰ ਲਗਭਗ 5.12 ਬਿਲੀਅਨ ਡਾਲਰ ਦਰਜ ਕੀਤੇ ਗਏ, ਐਸਬੀਪੀ ਨੇ ਕਿਹਾ ਕਿ ਸਮੀਖਿਆ ਅਧੀਨ ਸਮੇਂ ਦੌਰਾਨ ਦੱਖਣੀ ਏਸ਼ੀਆਈ ਦੇਸ਼ ਦਾ ਕੁੱਲ ਤਰਲ ਵਿਦੇਸ਼ੀ ਭੰਡਾਰ ਲਗਭਗ 16.64 ਬਿਲੀਅਨ ਡਾਲਰ ਸੀ। ਭਾਰਤ ਅਤੇ ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਵਾਧਾ ਹੋਇਆ ਹੈ, ਜੇਕਰ ਅਸੀਂ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਗੱਲ ਕਰੀਏ ਤਾਂ ਇਸ ਵਿੱਚ ਰਿਕਾਰਡ ਵਾਧਾ ਦੇਖਿਆ ਗਿਆ ਹੈ, ਜਦੋਂ ਕਿ ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਮਾਮੂਲੀ ਵਾਧਾ ਦੇਖਿਆ ਗਿਆ ਹੈ। ਭਾਰਤ ਅਤੇ ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਵਾਧਾ ਹੋਇਆ ਹੈ।




ਦੋਸਤੋ, ਜੇਕਰ ਅਸੀਂ ਇਸ ਹਫ਼ਤੇ ਸੋਨੇ ਦੇ ਭੰਡਾਰ ਦੀ ਕੀਮਤ 2.37 ਬਿਲੀਅਨ ਡਾਲਰ ਤੋਂ ਵਧ ਕੇ 83.58 ਬਿਲੀਅਨ ਡਾਲਰ ਹੋਣ ਦੀ ਗੱਲ ਕਰੀਏ, ਤਾਂ ਪਿਛਲੇ ਹਫ਼ਤੇ ਵੀ ਸਾਡੇ ਸੋਨੇ ਦੇ ਭੰਡਾਰ ਵਿੱਚ ਵਾਧਾ ਹੋਇਆ ਹੈ। ਰਿਜ਼ਰਵ ਬੈਂਕ ਦੇ ਅਨੁਸਾਰ, 23 ਮਈ ਨੂੰ ਸਾਡੇ ਸੋਨੇ ਦੇ ਭੰਡਾਰ ਵਿੱਚ 2.366 ਬਿਲੀਅਨ ਡਾਲਰ ਦਾ ਵਾਧਾ ਹੋਇਆ ਸੀ। ਇਸ ਤੋਂ ਇੱਕ ਹਫ਼ਤਾ ਪਹਿਲਾਂ, ਯਾਨੀ 16 ਮਈ ਨੂੰ ਖਤਮ ਹੋਏ ਹਫ਼ਤੇ ਦੌਰਾਨ, ਭਾਰਤ ਦੇ ਸੋਨੇ ਦੇ ਭੰਡਾਰ ਵਿੱਚ 5.121 ਬਿਲੀਅਨ ਡਾਲਰ ਦੀ ਤੇਜ਼ੀ ਨਾਲ ਕਮੀ ਆਈ ਸੀ। ਇਸ ਦੇ ਨਾਲ, ਹੁਣ ਸਾਡੇ ਸੋਨੇ ਦੇ ਭੰਡਾਰ ਵਧ ਕੇ 83.582 ਬਿਲੀਅਨ ਡਾਲਰ ਹੋ ਗਏ ਹਨ। ਪਿਛਲੇ ਹਫ਼ਤੇ ਸਾਡੇ ਸੋਨੇ ਦੇ ਭੰਡਾਰ ਵਿੱਚ ਵੀ ਵਾਧਾ ਹੋਇਆ ਹੈ। ਰਿਜ਼ਰਵ ਬੈਂਕ ਦੇ ਅਨੁਸਾਰ, 23 ਮਈ ਨੂੰ ਸਾਡੇ ਸੋਨੇ ਦੇ ਭੰਡਾਰ ਵਿੱਚ 2.366 ਬਿਲੀਅਨ ਡਾਲਰ ਦਾ ਵਾਧਾ ਹੋਇਆ ਸੀ। ਇਸ ਤੋਂ ਇੱਕ ਹਫ਼ਤਾ ਪਹਿਲਾਂ, ਯਾਨੀ 16 ਮਈ ਨੂੰ ਖਤਮ ਹੋਏ ਹਫ਼ਤੇ ਦੌਰਾਨ, ਭਾਰਤ ਦੇ ਸੋਨੇ ਦੇ ਭੰਡਾਰ ਵਿੱਚ 5.121 ਬਿਲੀਅਨ ਡਾਲਰ ਦੀ ਤੇਜ਼ੀ ਨਾਲ ਕਮੀ ਆਈ ਸੀ। ਇਸ ਦੇ ਨਾਲ, ਹੁਣ ਸਾਡੇ ਸੋਨੇ ਦੇ ਭੰਡਾਰ ਵਧ ਕੇ 83.582 ਬਿਲੀਅਨ ਡਾਲਰ ਹੋ ਗਏ ਹਨ।

ਦੋਸਤੋ, ਜੇਕਰ ਅਸੀਂ ਗਲੋਬਲ ਸੂਚਕਾਂਕਾਂ ਵਿੱਚ ਭਾਰਤ ਦੇ ਪਛੜੇਪਣ ਦੀ ਗੱਲ ਕਰੀਏ, ਤਾਂ ਗਲੋਬਲ ਸੂਚਕਾਂਕਾਂ ਵਿੱਚ ਭਾਰਤ ਦੀ ਰੈਂਕਿੰਗ ਵਿੱਚ ਗਿਰਾਵਟ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਬੁਨਿਆਦੀ ਢਾਂਚਾ, ਆਰਥਿਕ ਵਿਕਾਸ, ਸਮਾਜਿਕ ਸੁਰੱਖਿਆ ਅਤੇ ਸਿੱਖਿਆ ਸ਼ਾਮਲ ਹਨ। ਕੁਝ ਸੂਚਕਾਂਕਾਂ ਵਿੱਚ, ਜਿਵੇਂ ਕਿ ਗਲੋਬਲ ਹੰਗਰ ਇੰਡੈਕਸ, ਗਲਤ ਰਿਕਾਰਡਿੰਗ ਜਾਂ ਡੇਟਾ ਦੀ ਗਲਤ ਰਿਪੋਰਟਿੰਗ ਵੀ ਇੱਕ ਕਾਰਕ ਹੋ ਸਕਦੀ ਹੈ। (1) ਬੁਨਿਆਦੀ ਢਾਂਚਾ: ਕਈ ਸੂਚਕਾਂਕਾਂ ਵਿੱਚ, ਭਾਰਤ ਦਾ ਡਿਜੀਟਲ ਅਤੇ ਭੌਤਿਕ ਬੁਨਿਆਦੀ ਢਾਂਚਾ ਮਾੜਾ ਪਾਇਆ ਗਿਆ ਹੈ, ਜੋ ਇਸਦੀ ਰੈਂਕਿੰਗ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਦਾਹਰਣ ਵਜੋਂ, ਗਲੋਬਲ ਰਿਮੋਟ ਵਰਕ ਇੰਡੈਕਸ ਵਿੱਚ, ਭਾਰਤ ਨੂੰ ਮਾੜੇ ਬੁਨਿਆਦੀ ਢਾਂਚੇ ਕਾਰਨ 95ਵਾਂ ਸਥਾਨ ਦਿੱਤਾ ਗਿਆ ਹੈ। (2) ਆਰਥਿਕ ਵਿਕਾਸ: ਹਾਲਾਂਕਿ ਭਾਰਤ ਦੀ ਅਰਥਵਿਵਸਥਾ ਵਿੱਚ ਵਾਧਾ ਹੋਇਆ ਹੈ, ਪਰ ਆਰਥਿਕ ਅਸਮਾਨਤਾ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਕਾਰਨ ਕੁਝ ਸੂਚਕਾਂਕਾਂ ਵਿੱਚ ਇਸਦੀ ਰੈਂਕਿੰਗ ਘਟ ਰਹੀ ਹੈ। (3) ਸਮਾਜਿਕ ਸੁਰੱਖਿਆ: ਭਾਰਤ ਦਾ ਸਮਾਜਿਕ ਸੁਰੱਖਿਆ ਢਾਂਚਾ ਕੁਝ ਸੂਚਕਾਂਕਾਂ ਵਿੱਚ ਮਾੜਾ ਪਾਇਆ ਗਿਆ ਹੈ, ਜਿਸ ਨਾਲ ਇਸਦੀ ਰੈਂਕਿੰਗ ਘਟ ਰਹੀ ਹੈ। (4) ਸਿੱਖਿਆ: ਭਾਰਤ ਵਿੱਚ ਸਿੱਖਿਆ ਦੀ ਗੁਣਵੱਤਾ ਅਤੇ ਪਹੁੰਚ ਵਿੱਚ ਸੁਧਾਰ ਕਰਨ ਦੀ ਲੋੜ ਹੈ, ਜੋ ਕੁਝ ਸੂਚਕਾਂਕਾਂ ਵਿੱਚ ਭਾਰਤ ਦੀ ਰੈਂਕਿੰਗ ਨੂੰ ਪ੍ਰਭਾਵਿਤ ਕਰ ਰਿਹਾ ਹੈ। (5) ਡੇਟਾ ਦੀ ਗਲਤ ਰਿਕਾਰਡਿੰਗ: ਕੁਝ ਸੂਚਕਾਂਕ, ਜਿਵੇਂ ਕਿ ਗਲੋਬਲ ਹੰਗਰ ਇੰਡੈਕਸ, ਵਿੱਚ ਡੇਟਾ ਦੀ ਗਲਤ ਰਿਕਾਰਡਿੰਗ ਜਾਂ ਗਲਤ ਰਿਪੋਰਟਿੰਗ, ਰੈਂਕਿੰਗ ਵਿੱਚ ਗਿਰਾਵਟ ਦਾ ਕਾਰਨ ਵੀ ਹੋ ਸਕਦੀ ਹੈ। ਉਦਾਹਰਣ ਵਜੋਂ: (1) ਭਾਰਤ ਗਲੋਬਲ ਹੰਗਰ ਇੰਡੈਕਸ 2022 ਵਿੱਚ 107ਵੇਂ ਸਥਾਨ 'ਤੇ ਸੀ, 6 ਸਥਾਨਾਂ ਦੀ ਗਿਰਾਵਟ, ਜੋ ਕਿ ਇੱਕ ਮਾਹਰ ਦੇ ਅਨੁਸਾਰ ਡੇਟਾ ਦੀ ਗਲਤ ਰਿਪੋਰਟਿੰਗ ਕਾਰਨ ਸੀ। (2) ਪਾਸਪੋਰਟ ਇੰਡੈਕਸ ਵਿੱਚ ਭਾਰਤ ਦੀ ਰੈਂਕਿੰਗ 2023 ਵਿੱਚ ਤੇਜ਼ੀ ਨਾਲ ਡਿੱਗ ਗਈ, ਜੋ ਕਿ ਯੂਰਪੀਅਨ ਯੂਨੀਅਨ ਦੀ ਨੀਤੀ ਕਾਰਨ ਹੋਈ ਸੀ ਜਿਸਨੇ ਕੁਝ ਦੇਸ਼ਾਂ ਵਿੱਚ ਭਾਰਤੀ ਨਾਗਰਿਕਾਂ ਲਈ ਵੀਜ਼ਾ ਲਾਜ਼ਮੀ ਕਰ ਦਿੱਤਾ ਸੀ। (3) ਭਾਰਤ ਵਿਸ਼ਵ ਖੁਸ਼ੀ ਰਿਪੋਰਟ 2025 ਵਿੱਚ 118ਵੇਂ ਸਥਾਨ 'ਤੇ ਹੈ, ਜੋ ਕਿ 2020 ਵਿੱਚ 139ਵੇਂ ਸਥਾਨ ਤੋਂ ਇੱਕ ਮਹੱਤਵਪੂਰਨ ਛਾਲ ਹੈ, ਪਰ ਅਜੇ ਵੀ ਪਾਕਿਸਤਾਨ ਅਤੇ ਨੇਪਾਲ ਤੋਂ ਪਿੱਛੇ ਹੈ। ਗਲੋਬਲ ਸੂਚਕਾਂਕ ਵਿੱਚ ਭਾਰਤ ਦੀ ਰੈਂਕਿੰਗ ਵਿੱਚ ਗਿਰਾਵਟ ਕਈ ਕਾਰਕਾਂ ਕਰਕੇ ਹੈ, ਜਿਸ ਵਿੱਚ ਬੁਨਿਆਦੀ ਢਾਂਚਾ, ਆਰਥਿਕ ਵਿਕਾਸ, ਸਮਾਜਿਕ ਸੁਰੱਖਿਆ, ਸਿੱਖਿਆ ਅਤੇ ਡੇਟਾ ਦੀ ਗਲਤ ਰਿਪੋਰਟਿੰਗ ਸ਼ਾਮਲ ਹਨ। ਇਹਨਾਂ ਕਾਰਕਾਂ ਨੂੰ ਸੰਬੋਧਿਤ ਕਰਕੇ, ਭਾਰਤ ਆਪਣੀ ਗਲੋਬਲ ਰੈਂਕਿੰਗ ਵਿੱਚ ਸੁਧਾਰ ਕਰ ਸਕਦਾ ਹੈ।



ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਨੇ ਵਿਸ਼ਵ ਦ੍ਰਿਸ਼ ਬਦਲ ਦਿੱਤਾ - ਪਾਕਿਸਤਾਨ ਅਤੇ ਅਮਰੀਕਾ ਹੈਰਾਨ ਸਨ, ਚੀਨ ਦੇਖਦਾ ਰਿਹਾ! ਪੂਰੀ ਦੁਨੀਆ ਭਾਰਤ ਦੀ ਵਧਦੀ ਅਤੇ ਮਜ਼ਬੂਤ ਅਰਥਵਿਵਸਥਾ ਅਤੇ ਵਿਦੇਸ਼ੀ ਮੁਦਰਾ ਭੰਡਾਰ - ਸੋਨੇ ਦੇ ਭੰਡਾਰ ਵਿੱਚ ਵਾਧੇ ਤੋਂ ਹੈਰਾਨ ਹੈ। ਭਾਰਤੀ ਅਰਥਵਿਵਸਥਾ, ਵਿਦੇਸ਼ੀ ਮੁਦਰਾ ਭੰਡਾਰਨ ਸਪੇਸ, ਵਿਸ਼ਵ ਪੱਧਰ 'ਤੇ ਰੱਖਿਆ ਖੇਤਰਾਂ ਵਿੱਚ ਤੇਜ਼ ਅਤੇ ਜ਼ਬਰਦਸਤ ਵਿਕਾਸ ਦੇ ਬਾਵਜੂਦ, ਵਿਸ਼ਵ ਪੱਧਰ 'ਤੇ ਖੁਸ਼ੀ, ਗਰੀਬੀ, ਭੁੱਖਮਰੀ ਸੂਚਕਾਂਕ ਵਿੱਚ ਤਰਸਯੋਗ ਸਥਿਤੀ ਨੂੰ ਰੇਖਾਂਕਿਤ ਕਰਨਾ ਮਹੱਤਵਪੂਰਨ ਹੈ।

-ਕੰਪਾਈਲਰ ਲੇਖਕ - ਟੈਕਸ ਮਾਹਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9359653465

# ਨਿਰਭੈ ਸਿੰਘ ਖਾਈ ਦੇ ਹਮਲਾਵਰਾਂ ਦੀ ਗਿਰਫ਼ਤਾਰੀ ਲਈ ਜਥੇਬੰਦੀਆਂ ਦਾ ਵਫਦ ਐਸ.ਪੀ. (ਡੀ) ਨੂੰ ਮਿਲਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਸੰਗਰੂਰ, 2 ਜੂਨ (ਜਗਸੀਰ ਲੌਂਗੋਵਾਲ ) ਅੱਜ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਹੇਠ ਇੱਕ ਵਫਦ ਵੱਲੋਂ ਐਸਪੀ (ਡੀ) ਦਵਿੰਦਰ ਅੱਤਰੀ ਨਾਲ ਮੁਲਾਕਾਤ ਕਰਕੇ ਪਿਛਲੇ ਦਿਨੀ 25 ਅਪ੍ਰੈਲ ਨੂੰ ਲਹਿਰਾ ਥਾਣੇ ਅਧੀਨ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ ਹੋਏ ਕਾਤਲਾਨਾ ਹਮਲੇ ਦੇ ਦੋਸ਼ੀਆਂ ਨੂੰ ਜਲਦੀ ਗਿਰਫਤਾਰ ਕਰਨ ਦੀ ਮੰਗ ਕੀਤੀ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਸਕੱਤਰ ਦਰਸ਼ਨ ਸਿੰਘ ਕੁੰਨਰਾਂ ਨੇ ਕਿਹਾ ਕਿ ਲਹਿਰਾ ਇਲਾਕੇ ਦੇ ਭੂ ਮਾਫੀਆ ਗਰੋਹ ਵੱਲੋਂ ਪਿੰਡ ਖਾਈ ਦੇ ਗਰੀਬ ਪਰਿਵਾਰਾਂ ਦੀ ਜਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਨਾਂ ਦੇ ਹੱਕ ਵਿੱਚ ਨਿਰਭੈ ਸਿੰਘ ਨੇ ਹਾਅ ਦਾ ਨਾਅਰਾ ਮਾਰਿਆ। ਜਿਸ ਦੀ ਰੰਜਿਸ਼ ਰੱਖਦਿਆਂ ਉਕਤ ਗਰੋਹ ਨੇ ਨਿਰਭੈ ਸਿੰਘ ਤੇ ਹਮਲਾ ਕਰਕੇ ਉਹਨਾਂ ਦੀਆਂ ਲੱਤਾਂ ਬਾਹਾਂ ਤੋੜ ਦਿੱਤੀਆਂ ਸਨ ।ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਪੁਲਿਸ ਨੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ। ਇਸ ਸਬੰਧੀ 29 ਮਈ ਨੂੰ ਐਸਐਸਪੀ ਸੰਗਰੂਰ ਵੱਲੋਂ ਇੱਕ ਤਿੰਨ ਮੈਂਬਰੀ ਸਿੱਟ ਬਣਾਈ ਗਈ ਸੀ ਜਿਸ ਦੇ ਇੰਚਾਰਜ ਐਸ.ਪੀ ਡੀ ਦਵਿੰਦਰ ਅਤਰੀ ਹਨ।ਅੱਜ ਵਫਦ ਨੇ ਉਹਨਾਂ ਨੂੰ ਮਿਲ ਕੇ ਪੂਰੇ ਮਾਮਲੇ ਤੇ ਚਰਚਾ ਕੀਤੀ ਅਤੇ ਇਨਸਾਫ ਦੀ ਮੰਗ ਕੀਤੀ ਤਾਂ ਐਸਪੀ ਡੀ ਨੇ ਇਸ ਮਾਮਲੇ ਵਿੱਚ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਇਨਸਾਫ ਦੇਣ ਦਾ ਭਰੋਸਾ ਦਿੱਤਾ। ਇਸ ਵਫਦ ਵਿੱਚ ਡੈਮੋਕਰੇਟਿਕ ਟੀਚਰਜ ਫਰੰਟ ਦੇ ਸੂਬਾ ਆਗੂ ਮੇਘਰਾਜ, ਜਿਲਾ ਪ੍ਰਧਾਨ ਸੁਖਵਿੰਦਰ ਗਿਰ, ਮਨਜੀਤ ਸਿੰਘ, ਬੀਕੇਯੂ ਡਕੌਂਦਾ ਧਨੇਰ ਦੇ ਜ਼ਿਲਾ ਸਕੱਤਰ ਜਗਤਾਰ ਸਿੰਘ ਦੁੱਗਾ,ਖੇਤੀਬਾੜੀ ਕਿਸਾਨ ਵਿਕਾਸ ਫਰੰਟ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਭੱਠਲ, ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ,ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ,ਜ਼ਿਲਾ ਆਗੂ ਜੁਝਾਰ ਸਿੰਘ ਬਡਰੁੱਖਾਂ,ਮਾਨ ਸਿੰਘ ਸੱਦੋਪੁਰ, ਰੁਪਿੰਦਰ ਸਿੰਘ ਚੌਂਦਾ, ਯੂਥ ਵਿੰਗ ਆਗੂ ਹਰਦੀਪ ਸਿੰਘ ਬਹਾਦਰਪੁਰ ਅਤੇ ਸਤਵਿੰਦਰ ਸਿੰਘ ਹਾਜ਼ਰ ਸਨ।

# ਲਾਲ ਚੰਦ ਔਜਲਾ ਜੀ ਜਨਰਲ ਸਕੱਤਰ ਲਗਾਉਣ ਤੇ ਹਾਈ ਕਮਾਂਡ ਦਾ ਧੰਨਵਾਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਫਿਲੌਰ (ਚਰਨਜੀਤ ਸੱਲ੍ਹਾਂ )ਸਾਡੇ ਬਹੁਤ ਹੀ ਸਤਿਕਾਰਯੋਗ ਹਰਮਨ ਪਿਆਰੇ ਮਿਸ਼ਨਰੀ ਸਾਥੀ Lal Chand Aujla ਜੀ ਨੂੰ ਜਨਰਲ ਸਕੱਤਰ ਬਸਪਾ ਪੰਜਾਬ ਨਿਯੁਕਤ ਕਰਨ ਤੇ ਬਸਪਾ ਦੇ ਰਾਸ਼ਟਰੀ ਪ੍ਰਧਾਨ ਪਰਮ ਸਤਿਕਾਰਯੋਗ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼,ਸ੍ਰੀ ਰਣਧੀਰ ਸਿੰਘ ਬੈਨੀਪਾਲ ਨੈਸ਼ਨਲ ਕੋਆਰਡੀਨੇਟਰ, ਸ੍ਰੀ ਵਿਪੁਲ ਕੁਮਾਰ ਕੇਂਦਰੀ ਪ੍ਰਭਾਰੀ ਅਤੇ ਮਾਨਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਸਾਬਕਾ ਸੰਸਦ, ਸਾਬਕਾ ਐਮ ਐਲ ਏ, ਇੰਚਾਰਜ ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਅਤੇ ਲਾਲ ਚੰਦ ਔਜਲਾ ਜੀ ਨੂੰ ਸੂਬਾ ਜਨਰਲ ਸਕੱਤਰ ਬਸਪਾ ਪੰਜਾਬ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਬਣਨ ਤੇ



ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਜਲੰਧਰ ਅਤੇ ਹਲਕਾ ਫਿਲੌਰ ਵੱਲੋਂ ਬਹੁਤ ਬਹੁਤ ਮੁਬਾਰਕਾਂ ਜੀ।

# ਹਸਪਤਾਲ ਢਾਹਾਂ ਕਲੇਰਾਂ ਵਿਖੇ ਪੇਟ ਦੀਆਂ ਬਿਮਾਰੀਆਂ ਅਤੇ ਔਰਤਾਂ ਦੀਆਂ ਬਿਮਾਰੀਆਂ ਦੇ ਰਿਆਇਤੀ ਅਪਰੇਸ਼ਨ 04 ਜੂਨ ਤੋਂ 21 ਜੂਨ ਤੱਕ ਹੋਣਗੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਬੰਗਾ 02 ਜੂਨ :- (ਚਰਨਜੀਤ ਸੱਲ੍ਹਾਂ) ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਰਜਰੀ ਵਿਭਾਗ ਅਤੇ ਔਰਤਾਂ ਦੇ ਵਿਭਾਗ ਵਿਚ ਵੱਖ-ਵੱਖ ਬਿਮਾਰੀਆਂ ਦੇ ਰਿਆਇਤੀ ਅਪਰੇਸ਼ਨ 04 ਜੂਨ ਤੋਂ ਆਰੰਭ ਹੋ ਰਹੇ ਹਨ । ਇਹ ਜਾਣਕਾਰੀ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਲੋੜਵੰਦ ਮਰੀਜ਼ਾਂ ਦੇ ਰਿਆਇਤੀ ਦਰਾਂ 'ਤੇ ਅਪਰੇਸ਼ਨ ਕੀਤੇ ਜਾਣਗੇ । ਇਹ ਸਹੂਲਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਤੀ 04 ਜੂਨ ਤੋਂ ਲੈ ਕੇ ਮਿਤੀ 21 ਜੂਨ 2025 ਤੱਕ ਸਰਜਰੀ ਵਿਭਾਗ ਅਤੇ ਔਰਤਾਂ ਦੇ ਵਿਭਾਗ ਵਿਚ ਜਾਂਚ ਕਰਵਾਉਣ ਵਾਲੇ ਮਰੀਜ਼ਾਂ ਨੂੰ ਪ੍ਰਾਪਤ ਹੋਵੇਗੀ । ਸ. ਢਾਹਾਂ ਨੇ ਦੱਸਿਆ ਹਸਪਤਾਲ ਦੇ ਔਰਤਾਂ ਦੀਆਂ ਬਿਮਾਰੀਆਂ ਦਾ ਇਲਾਜ ਅਤੇ ਦੂਰਬੀਨੀ ਅਪਰੇਸ਼ਨ ਕਰਨ ਦੇ ਮਾਹਿਰ ਡਾ. ਸ਼ਵੇਤਾ ਬਗੜੀਆ ਐਮ.ਐਸ. ਰੋਜ਼ਾਨਾ ਸਵੇਰੇ 09 ਤੋਂ 3 ਵਜੇ ਦੁਪਹਿਰ ਤੱਕ ਚੈੱਕਅਪ ਕਰਦੇ ਤੇ ਅਪਰੇਸ਼ਨ ਕਰਦੇ ਹਨ । 17 ਦਿਨਾਂ ਲਈ ਹਸਪਤਾਲ ਵਿਖੇ ਔਰਤਾਂ ਦੀਆਂ ਵੱਖ-ਵੱਖ ਬਿਮਾਰੀਆਂ ਦੇ ਅਪਰੇਸ਼ਨਾਂ ਵਿਚ 50 ਫੀਸਦੀ ਛੋਟ ਦਿੱਤੀ ਜਾਵੇਗੀ ਅਤੇ ਗਭਰਵਤੀ ਔਰਤਾਂ ਦਾ ਅਲਟਰਾ ਸਾਊਂਡ ਸਕੈਨ ਚੈਰੀਟੇਬਲ ਰਿਆਇਤੀ ਦਰਾਂ 'ਤੇ ਸਿਰਫ 400 ਰੁਪਏ ਵਿਚ ਕੀਤਾ ਜਾਵੇਗਾ । ਜਦ ਕਿ ਹਸਪਤਾਲ ਦੇ ਸਰਜਰੀ ਵਿਭਾਗ ਵਿਚ ਪੇਟ ਦੇ ਰੋਗਾਂ ਦੇ ਜਨਰਲ ਅਤੇ ਦੂਰਬੀਨੀ ਅਪਰੇਸ਼ਨਾਂ ਦੇ ਮਾਹਿਰ ਡਾ ਮਾਨਵਦੀਪ ਸਿੰਘ ਬੈਂਸ ਐਮ. ਐਸ. ਰੋਜ਼ਾਨਾ ਮਰੀਜ਼ਾਂ ਚੈਕਅੱਪ ਅਤੇ ਅਪਰੇਸ਼ਨ ਕਰਦੇ ਹਨ । ਉਹਨਾਂ ਵੱਲੋਂ ਦੂਰਬੀਨ ਰਾਹੀਂ ਪਿੱਤੇ ਦੀ ਪੱਥਰੀ ਦਾ ਅਪਰੇਸ਼ਨ, ਹਰਨੀਆ ਦਾ ਅਪਰੇਸ਼ਨ, ਬਵਾਸੀਰ ਦਾ ਅਪਰੇਸ਼ਨ, ਭੰਗਦਰ ਦਾ ਅਪਰੇਸ਼ਨ, ਫਿਸ਼ਰ ਦਾ ਅਪਰੇਸ਼ਨ, ਅਪੈਂਡਿਕਸ ਦਾ ਅਪਰੇਸ਼ਨ, ਲੱਤਾਂ ਦੀਆਂ ਫੁੱਲੀਆਂ ਨਸਾਂ ਦਾ ਅਤੇ ਹਾਈਡਰੋਸੀਲ ਦਾ ਅਪਰੇਸ਼ਨ ਸਿਰਫ 18000 ਰੁਪਏ ਦੇ ਰਿਆਇਤੀ ਪੈਕਜ ਦਰ 'ਤੇ ਕੀਤੇ ਜਾਣਗੇ । ਉਹਨਾਂ ਇਲਾਕਾ ਨਿਵਾਸੀਆਂ ਨੂੰ ਹਸਪਤਾਲ ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਨੂੰ ਸਮਰਪਿਤ ਲਗਾਏ ਜਾ ਰਹੇ 17 ਦਿਨਾਂ ਦੇ ਰਿਆਇਤੀ ਅਪਰੇਸ਼ਨਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ । ਇਸ ਮੌਕੇ ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ



ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਡਾ. ਸ਼ਵੇਤਾ ਬਗੜੀਆ ਐਮ.ਐਸ., ਡਾ. ਮਾਨਵਦੀਪ ਸਿੰਘ ਬੈਂਸ ਐਮ. ਐਸ., ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਔਰਤਾਂ ਦੇ ਵੱਡੇ ਅਪਰੇਸ਼ਨਾਂ ਅਤੇ ਪੇਟ ਦੇ ਰੋਗਾਂ ਅਪਰੇਸ਼ਨ ਕਰਨ ਲਈ ਆਧੁਨਿਕ ਮਾਡੂਲਰ ਅਪਰੇਸ਼ਨ ਥੀਏਟਰ ਹਨ ਅਤੇ ਮਰੀਜ਼ਾਂ ਦੀ ਸਾਂਭ ਸੰਭਾਲ ਲਈ ਤਜਰਬੇਕਾਰ ਨਰਸਿੰਗ ਸਟਾਫ ਅਤੇ ਵਧੀਆ ਵਾਰਡ ਹਨ ।

# ਸ ਮਹਿੰਦਰ ਸਿੰਘ ਧਾਮੀ ਐਨ ਆਰ ਆਈ ਉੱਘੇ ਸਮਾਜ ਸੇਵਕ ਕੈਲੀਫੋਰਨੀਆ ਅਮਰੀਕਾ ਦਾ ਸਨਮਾਨ ਕੀਤਾ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )02.06.2025 () ਸ. ਮਹਿੰਦਰ ਸਿੰਘ ਧਾਮੀ ਐਨ.ਆਰ. ਆਈ. ਉੱਘੇ ਸਮਾਜ ਸੇਵਕ ਕੈਲੀਫੋਰਨੀਆ ਅਮਰੀਕਾ ਦੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਵਿਖੇ ਪਹੁੰਚਣ 'ਤੇ ਹਸਪਤਾਲ ਦੇ ਸਟਾਫ ਵਲੋਂ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸ. ਧਾਮੀ ਵਲੋਂ ਹਸਪਤਾਲ ਨੂੰ ਚਲਾਉਣ ਲਈ ਆਪ ਅਤੇ ਐਨ.ਆਰ. ਆਈਜ ਵੀਰਾਂ ਨੂੰ ਉਤਸ਼ਾਹਿਤ ਕਰਕੇ ਵੱਧ ਤੋਂ ਵੱਧ ਫੰਡ ਇਕੱਠਾ ਕਰਕੇ ਵੱਧ ਚੜ ਕੇ ਯੋਗਦਾਨ ਪਾਇਆ ।ਉਨਾ ਕਿਹਾ ਕਿ ਐਨ.ਆਰ. ਆਈ ਵੀਰਾਂ ਦੇ ਯਤਨਾ ਸਦਕਾ ਸਮਾਜ ਦੀ ਸੇਵਾ ਕਰਨ ਵਿੱਚ ਤੱਤਪਰ ਰਹਿਣਗੇ ,ਸਟਾਫ ਅਤੇ ਦਵਾਈਆਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਡਾ. ਨਾਮਦੇਵ ਬੰਗੜ ਸੇਵਮੁਕਤ ਐਸ.ਐਮ.ਓ ,ਸ੍ਰੀ ਲਲਿਤ ਮਹਾਜਨ ਮੈਨੇਜਰ,ਡਾ. ਬਲਬੀਰ ਸਿੰਘ ਬੱਲ , ਸ੍ਰੀ ਕਿਰਪਾਲ ਸਿੰਘ ਝੱਲੀ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ,, ਡਾ. ਵਿਸ਼ਾਲਜੀਤ ਸਿੰਘ, ਸ੍ਰੀ ਸੰਤੋਖ ਦਾਸ ਸੇਵਾਮੁਕਤ ਪ੍ਰਿੰਸੀਪਲ, ਡਾ. ਮੁਕੇਸ਼ ਕੁਮਾਰ, ਡਾ. ਰਵਿੰਦਰ ਸਿੰਘ, ਡਾ. ਹਰਜੋਤ ਰੰਧਾਵਾ, ਡਾ. ਸਾਗਰਿਕਾ, ਬਲਦੇਵ ਸਿੰਘ ਵਿਰਦੀ ਸੇਵਾ ਮੁਕਤ ਮੈਨੇਜਰ , ਸ੍ਰੀ ਮਨੋਹਰ ਲਾਲ ਬਹਿਰਾਮ ਅਤੇ ਹੋਰ ਸਟਾਫ ਹਾਜਰ ਸਨ।

# ਪਰਮਿੰਦਰ ਸੇਖੋਂ ਪ੍ਰਸਿੱਧ ਪੰਜਾਬੀ ਲੋਕ ਗਾਇਕ, ਖੇਡ ਲੇਖਕ ਸਰਬਜੀਤ ਮੰਗੂਵਾਲ ਦੇ ਘਰ ਮਿਲਣ ਲਈ ਪਹੁੰਚੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਜੂਨ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾਂ )ਅੱਜ ਪ੍ਰਸਿੱਧ ਪੰਜਾਬੀ ਲੋਕ ਗਾਇਕ ਪਰਮਿੰਦਰ ਸੇਖੋਂ (ਪ੍ਰੈਕਟੀਕਲ ਐਗਜ਼ਾਮੀਨਰ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ) ਆਪਣੇ ਪਰਮ ਮਿੱਤਰ ਸੁਨੀਲ ਰਟੈਂਡਾ (ਇੰਟਰਨੈਸ਼ਨਲ ਭੰਗੜਾ ਕੋਚ) ਨੂੰ ਨਾਲ ਲੈ ਕੇ ਫੁੱਟਬਾਲ ਕੋਚ ਤੇ ਖੇਡ ਲੇਖਕ ਸਰਬਜੀਤ ਮੰਗੂਵਾਲ ਨੂੰ ਮਿਲਣ ਲਈ ਉਨ੍ਹਾਂ ਘਰ ਗਏ। ਇਸ ਬਾਰੇ ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਦੋ-ਢਾਈ ਘੰਟੇ ਲੋਕ ਸੱਭਿਆਚਾਰ ਅਤੇ ਖੇਡ ਸੱਭਿਆਚਾਰਕ ਵਿਸ਼ੇ ਤੇ ਖੂਬ ਵਿਚਾਰ ਵਟਾਂਦਰਾ ਹੋਇਆ। ਮੇਰੀ ਸਵੈ-ਜੀਵਨੀ ਦੀ ਕਿਤਾਬ ਬਾਰੇ ਗੱਲਬਾਤ ਕਰਦੇ ਹੋਏ ਸੇਖੋਂ ਸਾਹਿਬ ਨੇ ਕਿਹਾ ਕਿ ਤੁਹਾਡੇ ਬਜ਼ੁਰਗਾਂ ਬਾਬਾ ਬੀਰਬਲ ਵਲੋਂ ਵੀਣੀ ਫੜਨ, ਤਾਇਆ ਮੂਲਰਾਜ ਮੂਲੇ ਦਾ ਕੁਸ਼ਤੀ ਤੇ ਗਤਕਾ ਚਲਾਉਣ 'ਚ ਸ਼ੋਹਲਾਪਣ ਅਤੇ ਪਿਤਾ ਪੁਨੂੰ ਰਾਮ ਜੀ ਦਾ ਸਾਧੂ ਰੂਪ, ਜੋ ਕਿਹਾ ਉਹ ਸੱਚ ਹੋ ਜਾਣਾ ਪਾਠਕਾਂ ਲਈ ਪ੍ਰੇਰਨਾ ਸ੍ਰੋਤ ਹਨ। ਸਾਡੇ ਬੱਚਿਆਂ ਦੀਆਂ ਖੇਡ ਪ੍ਰਾਪਤੀਆਂ ਦੀ ਬਹੁਤ ਸ਼ਲਾਘਾ ਕੀਤੀ। ਤੇ ਸੇਖੋਂ ਨੇ ਦੱਸਿਆ ਮਾਲਵਾ ਕਾਲਜ ਸਮਰਾਲਾ ਵਿਖੇ ਪੜਨ ਦੌਰਾਨ ਲੋਕ ਗੀਤ ਮੁਕਾਬਲਿਆ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ , ਉਸ ਤੋਂ ਬਾਅਦ ਸਾਡੀ ਗੱਲ ਬਾਤ ਪੰਜਾਬੀ ਲੋਕ ਗੀਤਾਂ ਤੇ ਲੋਕ ਸਾਜ਼ਾਂ ਬਾਰੇ ਹੋਈ। ਸੁਨੀਲ ਰਟੈਂਡਾ ਨੇ ਦੱਸਿਆ ਕਿ ਉਸ ਦੇ ਕੋਲ ਡਾ. ਚਰਨਜੀਤ ਕੌਰ (ਪ੍ਰਿੰਸੀਪਲ ਅਮਰਦੀਪ ਸ਼ੇਰਗਿੱਲ ਕਾਲਜ ਮੁਕੰਦਪੁਰ) ਨੇ ਵੀ 'ਫੁੱਟਬਾਲ ਦੇ ਅੰਗ-ਸੰਗ' ਕਿਤਾਬ ਦੀ ਕਾਫੀ ਸਰਾਹਣਾ ਕੀਤੀ ਹੈ। ਇਸ ਉਪਰੰਤ ਸਰਬਜੀਤ ਮੰਗੂਵਾਲ ਨੇ ਪਰਮਿੰਦਰ ਸੇਖੋਂ ਤੇ ਸੁਨੀਲ ਰਟੈਂਡਾ ਨੂੰ 'ਫੁੱਟਬਾਲ ਦੇ ਅੰਗ-ਸੰਗ' ਕਿਤਾਬਾਂ ਵੀ ਭੇਂਟ ਕੀਤੀਆਂ ਤੇ ਉਨ੍ਹਾਂ ਦੇ ਨਾਲ ਸਰਬਜੀਤ ਮੰਗੂਵਾਲ ਅਤੇ ਮੈਡਮ ਸੁਨੀਤਾ ਸ਼ਰਮਾ ਨੇ ਯਾਦਗਾਰੀ ਤਸਵੀਰ ਵੀ ਖਿਚਵਾਈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )ਮੈਡੀਕਲ ਪ੍ਰਕਟੀਸਨਰ,,, ਰਜਿਸਟਰ ਨੰਬਰ , 295 ,,, ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਜੀ ਪ੍ਰਧਾਨਗੀ ਵਿੱਚ ਹੋਈ ਅੱਜ ਦੀ ਮੀਟਿੰਗ ਵਿੱਚ ਜੱਥੇਬੰਦੀ ਦੀ,,, 28,, ਵੀ ਵਰੇਗੰਢ ਬੜੇ ਉਤਸਾਹ ਨਾਲ ਮਨਾਈ ਗਈ ਤੇ ਸਮੂਹ ਮੈਬਰਾ ਨੂੰ ਮੁਬਾਰਕਾਂ ਦਿੱਤੀਆਂ ਅੱਜ ਦੀ ਮੀਟਿੰਗ ਵਿੱਚ ਨਵਾ ਸਹਿਰ ਤੋਂ ਬੇਦੀ ਮਲਟੀ ਸਪੈਸਲਿਟ ਹਸਪਤਾਲ ਤੋਂ ਮਾਹਿਰ ਡਾ ਸੈਲਜਾ ਬੇਦੀ ਸਾਹਿਬ ਤੇ ਡਾ ਰਮਨ ਕੋਰ ਜੀ ਨੇ ਵੱਖ ਵੱਖ ਬੀਮਾਰੀਆ ਦੇ ਇਲਾਜ ਤੇ ਉਨ੍ਹਾਂ ਦੇ ਰੋਕਥਾਮ ਵਾਰੇ ਵੱਢਮੁਲੀ ਜਾਣਕਾਰੀ ਦਿੱਤੀ ਅੱਜ ਦੀ ਮੀਟਿੰਗ ਵਿੱਚ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਜਿਲਾ ਪ੍ਰਧਾਨ ਡਾ ਬਲਕਾਲ ਕਟਾਰੀਆ ਡਾ ਸੀਤਾ ਰਾਮ ਡਾ ਅਨੁਪਿੰਦਰ ਸਿੰਘ ਡਾ ਗੁਰਮੇਲ ਸਿੰਘ ਡਾ ਧਰਮ ਪਾਲ ਬੱਗਾ ਡਾ ਸਿੰਦਰ ਪਾਲ ਹੀਰਾ ਡਾ ਚਰਨਜੀਤ ਸਿੰਘ ਡਾ ਰਤਨ ਸਿੰਘ ਡਾ ਗੁਰਦੀਪ ਸਿੰਘ ਡਾ ਹਰਦੀਪ ਸਿੰਘ ਡਾ ਅਮਨਦੀਪ ਸਿੰਘ ਡਾ ਨਰਿੰਦਰ ਸਿੰਘ ਡਾ ਗੁਰਨਾਮ ਸਿੰਘੜਾ ਲੇਖ ਰਾਜ ਡਾ ਮੰਗਾ ਝਿੱਕਾ ਡਾ ਸੁਧੀਰ ਕੁਮਾਰ ਡਾ ਅਸੋਕ ਗਾਬਾ ਸਾਥੀ ਹਾਜਰ ਹੋਏ

# ਪਿੰਡ ਕਾਹਮਾਂ ਦੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਕੀਤਾ ਨਿਰੀਖਣ ਡਾ ਨਛੱਤਰ ਪਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )ਹਲਕਾ ਨਵਾਂਸ਼ਹਿਰ ਦੇ ਐਮ ਐਲ ਏ ਡਾਕਟਰ ਨਛੱਤਰ ਪਾਲ ਜੀ ਨੇ ਅਚਨਚੇਤ ਪਹੁੰਚਕੇ ਕੀਤਾ ਪਿੰਡ ਕਾਹਮੇ ਦੇ ਛੱਪੜ ਦਾ ਨਿਰੀਖਣ ਜਿੱਥੇ ਪਿੰਡ ਦੀ ਸਮੁੱਚੀ ਟੀਮ ਅਤੇ ਪੰਚਾਇਤ ਨੂੰ ਨਾਲ ਲੈ ਕੇ ਕੀਤੀ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਪੰਜਾਬ ਦੀ ਪਵਿੱਤਰ ਸਦਨ ਦੇ ਅੰਦਰ ਆਪਣੇ ਹਲਕੇ ਵਿੱਚ ਆਉਂਦੇ ਵੱਖ ਵੱਖ ਪਿੰਡਾਂ ਦੇ ਛੱਪੜਾ ਦੀ ਸਫਾ ਸਫਾਈ ਦੀ ਗੱਲ ਰੱਖੀ ਸੀ ਜਿੱਥੇ ਹਲਕੇ ਦੇ ਵਿਚ ਆਉਦੇ ਸਾਰੇ ਵੱਡੇ ਪਿੰਡਾਂ ਦੇ ਵੱਡੇ ਛੱਪੜਾਂ ਨੂੰ ਸਾਫ ਸਫਾਈ ਕਰਨ ਦੀ ਮਨਜ਼ੂਰੀ ਮਿਲਣ ਤੇ ਪਿੰਡ ਕਾਹਮੇ ਦੇ ਇਸ ਛੱਪੜ ਦੀ ਪਹਿਲ ਦੇ ਅਧਾਰ ਤੇ ਸਫਾਈ ਕਰਨ ਦਾ ਕੰਮ ਸ਼ੁਰੂ ਹੋਇਆ ਜਿਸ ਵਿਚ ਵੱਡੀ ਲਾਗਤ ਨਾਲ ਥਾਪਰ ਮਾਡਲ ਰਾਹੀ ਨਵੀਂ ਟੈਕਨੋਲਜੀ ਦੇ ਰੂਪ ਵਿਚ ਖੂਈਆਂ ਗਾਲ ਕੇ ਅਲਗ ਅਲਗ ਲੈਵਲ ਤੇ ਫਿਲਟਰ ਕਰਕੇ ਪਾਣੀ ਛੱਪੜ ਦੇ ਅੰਦਰ ਪਾਇਆ ਜਾਵੇਗਾ ਜਿਸ ਦੇ ਨਾਲ ਛੱਪੜ ਅੰਦਰ ਗੰਦਗੀ ਅਤੇ ਬਦਬੂ ਵੀ ਘੱਟ ਜਾਵੇਗੀ ਜਿਸ ਨਾਲ ਇਸ ਛੱਪੜ ਦੇ ਆਲੇ ਦੁਆਲੇ ਦਾ ਬਾਤਾ ਬਰਨ ਵੀ ਵਧੀਆ ਬਣੀਆਂ ਰਹੇਗਾ ਇਥੇ ਆਉਣ ਤੇ ਜਿਥੇ ਪਿੰਡ ਵਾਸੀਆਂ ਅਤੇ ਪਿੰਡ ਦੀ ਪੰਚਾਇਤ ਨੇ ਐਮਐਲਏ ਡਾਕਟਰ ਨਛੱਤਰ ਪਾਲ ਜੀ ਦਾ ਵਧੀਆ ਉਪਰਾਲਾ ਕਰਨ ਤੇ ਧੰਨਵਾਦ ਵੀ ਕੀਤਾ ਉਥੇ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਨੇ ਸ਼ਲਾਗਾ ਕਰਦੇ ਹੋਏ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜਨ ਲਈ ਪਿੰਡ ਦੀ ਸਮੁੱਚੀ ਟੀਮ ਅਤੇ ਪਿੰਡ ਦੀ ਪੰਚਾਇਤ ਦਾ ਬਹੁਤ ਵੱਡਾ ਯੋਗਦਾਨ ਹੈ ਜਿਸ ਤੋਂ ਬਿਨਾਂ ਇਹ ਸਭ ਅਧੂਰਾ ਸੀ ਇਸ ਮੌਕੇ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਦੇ ਨਾਲ ਸਰਬਜੀਤ ਜਾਫਰਪੁਰ, ਰਸ਼ਪਾਲ ਮਹਾਲੋਂ ਵਿਧਾਨ ਸਭਾ ਪ੍ਰਧਾਨ, ਗੁਰਮੁੱਖ ਨੌਰਥ ਵਾਈਸ ਪ੍ਰਧਾਨ ਨਗਰ ਕੌਂਸਲ ਨਵਾਂਸ਼ਹਿਰ,ਸੁਰਜੀਤ ਕਰੀਆ, xਬਿਜੇ ਸਰਪੰਚ,x-ਡੀਓ ਦਨੇਸ਼ ਕੁਮਾਰ, ਨਵੀਨ ਕੁਮਾਰ,ਬਲਵਿੰਦਰ ਮੰਗਵਾਲ, ਬਿੰਦਾ ਪੰਚ,ਸੇਖੀ ਪੰਚ,ਪਰਮਜੀਤ, ਰਾ ਜ ਵੀ ਰ , ਜ ਸ ਵਿੰ ਦ ਰ ਸਿੰਘ,ਦੇਸ ਰਾਜ, ਰਾਮ ਪ੍ਰਕਾਸ਼,ਦਵਿੰਦਰ ਪਾਲ,ਸ਼ੀਤਲ ਰਾਮ,ਲਖਵੀਰ ਰਾਮ,ਓਕਾਰ ਸਿੰਘ, ਅਸ਼ਵਨੀ ਕੁਮਾਰ,ਅਤੇ ਹੋਰ ਸਾਥੀ ਵੀ ਹਾਜਰ ਸਨ

# ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਪਿੰਡ ਬਹਿਰੂ ਵਿੱਚ ਕੀਤੀ ਮੀਟਿੰਗ, ਹਰਦੀਪ ਧਾਲੀਵਾਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਪਟਿਆਲਾ (ਜਗਤਾਰ ਸਿੰਘ ਰੋੜੇਵਾਲ) -- ਹਲਕਾ ਸਨੌਰ ਦੇ ਜੋਨ ਦੇਵੀਗੜ੍ਹ ਦੇ ਸੈਕਟਰ ਬਹਿਰੂ ਵਿਖੇ ਡਾਕਟਰ ਸ਼ਰਨਜੀਤ ਸਿੰਘ ਬਹਿਰੂ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ।ਜਿਸ ਵਿਚ ਉਚੇਚੇ ਤੌਰ ਤੇ ਹਲਕਾ ਸਨੌਰ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ ਤੇ ਜੋਨ ਦੇਵੀਗੜ੍ਹ ਦੇ ਇੰਚਾਰਜ ਕਰਮਜੀਤ ਸਿੰਘ ਮਿਹੋਣ ਪਹੁੰਚੇ ।ਇਕੱਤਰ




ਹੋਏ ਨੋਜਵਾਨਾਂ ਨਾਲ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮੁਹਿੰਮ ਤੇ ਵਿਚਾਰ ਚਰਚਾ ਕੀਤੀ ਗਈ। ਸਮੇ ਦੀ ਨਿਜਾਕਤ ਨੂੰ ਸਮਝਦੇ ਹੋਏ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ।ਸਭ ਦੀ ਸਹਿਮਤੀ ਨਾਲ ਸੁਖਵਿੰਦਰ ਸਿੰਘ ਨੂੰ ਸੈਕਟਰ ਪ੍ਰਧਾਨ ਅਤੇ ਬਲਵਿੰਦਰ ਸਿੰਘ ਵਾਈਸ ਪ੍ਰਧਾਨ ਅਤੇ ਡਾ ਕਪਤਾਨ ਸਿੰਘ ਨੂੰ ਸੈਕਟਰ ਦਾ ਸਕੱਤਰ ਅਤੇ ਜਸਪਾਲ ਸਿੰਘ ਮਹਿਰਾ ਨੂੰ ਬੂਥ ਪ੍ਰਧਾਨ ਨਿਯੁਕਤ ਕੀਤਾ ਗਿਆ। ਬਹੁਜਨ ਸਮਾਜ ਪਾਰਟੀ ਦੀ ਟੀਮ ਦੇ ਪਹੁੰਚਣ ਤੇ ਸਭ ਨੇ ਨਿੱਘਾ ਸਵਾਗਤ ਕੀਤਾ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦਾ ਭਰੋਸਾ ਦਿੱਤਾ ਮੀਟਿੰਗ ਵਿੱਚ ਗੁਰਪ੍ਰੀਤ ਸਿੰਘ, ਗੁਰਜੰਟ ਸਿੰਘ, ਡਾ ਗੁਰਦੀਪ ਸਿੰਘ, ਡਾ ਗੁਰਜੰਟ ਸਿੰਘ, ਸੋਨੀ ਸਿੰਘ, ਗੁਰਜੀਤ ਸਿੰਘ, ਹਰਬੀਰ ਸਿੰਘ, ਅਜੈਬ ਸਿੰਘ ਬਾਬਾ ਗੁਰਜੰਟ ਸਿੰਘ ਪਿੰਡ ਮੰਡੀ ਅਤੇ ਰਾਮਪਾਲ ਸਿੰਘ ਮਿਹੋਣ ਨੇ ਭਾਗ ਲਿਆ

# ਬੁੱਲਾਵਾੜੀ ਚੌਂਕ ਨੂੰ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੇ ਨਾਮ ਕੀਤਾ ਸਮਰਪਿਤ

## ਲੋਕ ਸਭਾ ਮੈਂਬਰ ਚੱਬੇਵਾਲ ਤੇ ਵਿਧਾਇਕ ਜਿੰਪਾ ਨੇ ਸਾਂਝੇ ਤੌਰ 'ਤੇ ਕੀਤਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਭਾਰਤੀ ਖੱਤਰੀ ਘ੍ਰਿਤ ਬਾਹਤੀ ਚਾਹੰਗ ਮਹਾਸਭਾ ਦੇ ਸੰਸਥਾਪਕ ਅਤੇ ਪਹਿਲੇ ਪ੍ਰਧਾਨ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੀ 66ਵੀਂ ਬਰਸੀ ਦੇ ਮੌਕੇ 'ਤੇ ਇਕ ਸਮਾਰੋਹ ਮੌਕੇ ਉਨ੍ਹਾਂ ਦੇ ਸਨਮਾਨ ਵਿਚ ਬੁੱਲਾਵਾੜੀ ਚੌਂਕ ਦਾ ਨਾਮ 'ਰਾਏ ਸਾਹਿਬ ਚੌਧਰੀ ਗਿਆਨ ਸਿੰਘ ਚੌਂਕ' ਰੱਖਿਆ ਗਿਆ। ਇਸ ਇਤਿਹਾਸਕ ਮੌਕੇ 'ਤੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਾਂਝੇ ਤੌਰ 'ਤੇ ਉਦਘਾਟਨ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਲੋਕ ਸਭਾ ਮੈਂਬਰ ਡਾ.



ਰਾਜਕੁਮਾਰ ਚੱਬੇਵਾਲ ਨੇ ਇਸ ਮੌਕੇ ਕਿਹਾ ਕਿ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਇਕ ਦੂਰਦਰਸ਼ੀ ਸਮਾਜ ਸੇਵੀ ਅਤੇ ਪ੍ਰਬੰਧਕ ਸਨ, ਜਿਨ੍ਹਾਂ ਨੇ ਸਮਾਜ ਨੂੰ ਸੰਗਠਿਤ ਕਰਨ ਅਤੇ ਸਮਾਜਿਕ ਜਾਗਰੂਕਤਾ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਜੀਵਨ ਅੱਜ ਵੀ ਸਮਾਜ ਲਈ ਪ੍ਰੇਰਨਾ ਸਰੋਤ ਹੈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਰਾਏ ਸਾਹਿਬ ਨੇ ਨਾ ਸਿਰਫ਼ ਸਮਾਜ ਨੂੰ ਦਿਸ਼ਾ ਦਿੱਤੀ, ਸਗੋਂ ਉਨ੍ਹਾਂ ਦੀ ਸੋਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸੀ। ਉਨ੍ਹਾਂ ਕਿਹਾ ਕਿ ਬੁੱਲਾਵਾੜੀ ਚੌਂਕ ਦਾ ਨਾਮ ਉਨ੍ਹਾਂ ਦੇ ਨਾਮ 'ਤੇ ਰੱਖਣਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਯੋਗਦਾਨ ਦੀ ਯਾਦ ਦਿਵਾਉਂਦਾ ਰਹੇਗਾ।ਇਸ ਮੌਕੇ ਸਭਾ ਦੀ ਅਪੀਲ 'ਤੇ ਲੋਕ ਸਭਾ ਮੈਂਬਰ ਅਤੇ ਵਿਧਾਇਕ ਨੇ ਖੱਤਰੀ ਭਾਈਚਾਰੇ ਲਈ 'ਗਿਆਨ ਭਵਨ' ਦੇ ਨਿਰਮਾਣ ਲਈ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਸਮਾਗਮ ਵਿਚ ਸਾਰੇ ਮਹਿਮਾਨਾਂ ਨੇ ਚੌਧਰੀ ਗਿਆਨ ਸਿੰਘ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਹੁਸ਼ਿਆਰਪੁਰ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਕੌਂਸਲਰ ਪ੍ਰਦੀਪ ਬਿੱਟੂ, ਡਾ: ਪ੍ਰੇਮ ਕੁਮਾਰ, ਡਾ: ਸੰਤੋਖ ਸਿੰਘ, ਪ੍ਰਿੰਸੀਪਲ ਰਾਮ ਗੋਪਾਲ, ਲਲਿਤ ਕਿਸ਼ੋਰ ਪਟਿਆਲ, ਵਰਿੰਦਰ ਸਿੰਘ, ਵਿਜੇ ਕੁਮਾਰ, ਅਨਿਲ ਗੌਤਮ, ਮੁਲਖ ਰਾਜ, ਜਗਦੇਵ ਭਰਵਾਲ, ਸ਼ੇਰ ਸਿੰਘ, ਕਾਮਰੇਡ ਗੰਗਾ ਪ੍ਰਸਾਦ ਅਤੇ ਵਰਿੰਦਰ ਵੈਦ ਸਮੇਤ ਵੱਡੀ ਗਿਣਤੀ ਵਿਚ ਪਤਵੰਤੇ ਅਤੇ ਸਥਾਨਕ ਲੋਕ ਮੌਜੂਦ ਸਨ।

# ਬੱਚਿਆਂ ਦਾ ਡੀ ਸੀ, ਐਸ ਐਸ ਪੀ ਨਾਲ ਇੱਕ ਦਿਨ ਦਾ ਪ੍ਰੋਗਰਾਮ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਲਾਘਾਯੋਗ ਕਦਮ - ਸੁਦਰਸ਼ਨ ਧੀਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਬੋਰਡ ਪ੍ਰੀਖਿਆ ਦੇ ਨਤੀਜੇ ਜ਼ਿਲ੍ਹੇ ਵਿੱਚ ਟਾਪ ਕਰਨ ਵਾਲੇ ਬੱਚਿਆਂ ਲਈ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀ ਸੀ ਨਾਲ ਇੱਕ ਦਿਨ ਦਾ ਪ੍ਰੋਗਰਾਮ ਸ਼ਲਾਘਾਯੋਗ ਹੈ ਅਤੇ ਭਵਿੱਖ ਵਿੱਚ ਅਜਿਹੇ ਕਦਮ ਚੁੱਕੇ ਜਾਣ ਨਾਲ ਬੱਚਿਆਂ ਵਿੱਚ ਤਰੱਕੀ ਕਰਨ ਅਤੇ ਪੂਰੇ ਦਿਲ ਨਾਲ ਪੜ੍ਹਾਈ ਕਰਨ ਦੀ ਰੁਚੀ ਪੈਦਾ ਹੋਵੇਗੀ। ਇਸ ਲਈ ਜ਼ਿਲ੍ਹਾ ਆਸ਼ਿਕਾ ਜੈਨ ਦੀ ਕਿੰਨੀ ਵੀ ਪ੍ਰਸ਼ੰਸਾ ਕਿਉਂ ਨਾ ਹੋਵੇ, ਉਨ੍ਹਾਂ ਨੇ ਬੱਚਿਆਂ ਦੇ ਮਨੋਬਲ ਨੂੰ ਵਧਾਉਣ ਲਈ ਇਹ ਪ੍ਰੋਗਰਾਮ ਰੱਖਿਆ। ਸਾਬਕਾ ਕੌਂਸਲਰ ਅਤੇ ਗੋਲਡਨ ਸੰਘ ਪੰਜਾਬ ਫੋਰੈਸਟ ਦੇ ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਧੀਰ ਨੇ ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦਾ ਇਹ ਉਪਰਾਲਾ ਦੂਜੇ ਬੱਚਿਆਂ ਨੂੰ ਪ੍ਰੇਰਨਾ ਦੇਵੇਗਾ ਅਤੇ ਉਹ ਇਸ ਮੁਕਾਮ ਤੱਕ ਪਹੁੰਚਣ ਲਈ ਸਖ਼ਤ ਮਿਹਨਤ ਕਰਨਗੇ। ਸ੍ਰੀ ਧੀਰ ਨੇ ਕਿਹਾ ਕਿ ਅੱਜ ਦਾ ਯੁੱਗ ਮੁਕਾਬਲੇ ਦਾ ਹੈ ਅਤੇ ਬੱਚਿਆਂ ਨੂੰ ਖੇਡਾਂ



ਦੇ ਨਾਲ-ਨਾਲ ਧਿਆਨ ਨਾਲ ਪੜ੍ਹਨ ਵਿੱਚ ਵੀ ਦਿਲਚਸਪੀ ਲੈਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋ ਸਕੇ।

# ਸਾਰੇ ਦੇਸ਼ ਦੀ ਸਿੱਖਿਆ ਇਕਸਾਰ ਤੇ ਇਕੋ ਜਿਹੀ ਹੋਣੀ ਚਾਹੀਦੀ ਹੈ - ਪ੍ਰਿੰਸੀਪਲ ਜਗਦੀਸ਼ ਰਾਏ, ਪ੍ਰਧਾਨ ਸੋਨੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਅੱਜ ਸਿੱਖਿਆ ਵਿੱਚ ਵਿਖਰੇਵਾਂਪਨ ਹੀ ਸਾਡੇ ਸਮਾਜ ਵਿੱਚ ਵਿਤਕਰੇ ਦੀ ਭਾਵਨਾ ਨੂੰ ਪੈਦਾ ਕਰ ਰਿਹਾ ਹੈ। ਇਸ ਵਿੱਚ ਇਕਸਾਰਤਾ ਦਾ ਹੋਣਾ ਬਹੁਤ ਜਰੂਰੀ ਹੈ ,ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਅਤੇ ਮੁੱਖ ਬੁਲਾਰਾ ਪ੍ਰਿੰਸਿਪਲ ਜਗਦੀਸ਼ ਰਾਏ ਨੇ ਸਾਂਝੇ ਤੌਰ ਤੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਰੱਖੇ। ਉਹਨਾ ਕਿਹਾ ਕਿ ਅੱਜ ਸਾਡੇ ਦੇਸ਼ ਸਿੱਖਿਆ ਦਾ ਮਿਆਰ ਬਹੁਤ ਹੀ ਹੇਠਲੇ ਪੱਧਰ ਦਾ ਹੋ ਗਿਆ ਹੈ,ਜਿਸ ਦਾ ਮੁੱਖ ਕਾਰਨ ਮੁੱਢਲੀ ਸਿੱਖਿਆ ਵਿੱਚ ਵਿਖਰੇਵਾਂਪਨ ਹੈ। ਅੱਜ ਸਾਡੇ ਸੂਬੇ ਵਿੱਚ ਸਿੱਖਿਆ ਦੇ ਵਿੱਚ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੇ ਬੋਰਡ ਸਿੱਖਿਆ ਦੀ ਅਗਵਾਈ ਕਰ ਰਹੇ ਹਨ, ਪਹਿਲਾ ਪੀ. ਐਸ. ਈ.ਬੀ. ਦੂਜਾ ਸੀ. ਬੀ. ਐਸ .ਈ ਅਤੇ




ਤੀਸਰਾ ਆਈ. ਸੀ ਐਸ.ਈ. ਇਹਨਾ ਤਿੰਨਾਂ ਦੇ ਪੱਧਰ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੈ ਅਤੇ ਵਿਦਿਆਰਥੀ ਵਰਗ ਅਤੇ ਮਾਪਿਆਂ ਲਈ ਇਹਨਾਂ ਵਿਚੋਂ ਮੁੱਢਲੀ ਸਿੱਖਿਆ ਲਈ ਚੋਣ ਕਰਨਾ ਬਹੁਤ ਕੰਡਿਆ ਦੀ ਸੇਜ ਤੇ ਚੱਲਣ ਵਰਗੇ ਹਾਲਾਤ ਬਣੇ ਹੋਏ ਹਨ। ਮਾਪੇ ਅਤੇ ਵਿਦਿਆਰਥੀ ਨੂੰ ਆਪਣੇ ਭਵਿੱਖ ਲਈ ਸਿੱਖਿਆ ਦੀ ਚੋਣ ਕਰਦੇ ਸਮੇਂ ਵਪਾਰੀਕਰਨ ਵਰਗੇ ਹਾਲਾਤਾਂ ਚੋ ਹੋ ਕੇ ਗੁਜਰਨਾ ਪੈਂਦਾ ਹੈ ,ਜੋਕਿ ਬਹੁਤ ਹੀ ਮੰਦਭਾਗਾ ਹੈ। ਸਾਡੀਆਂ ਕੇਂਦਰ ਅਤੇ ਸੂਬਾ ਸਰਕਾਰਾਂ ਸਿੱਖਿਆ ਦੇ ਸੁਧਾਰ ਲਈ ਦਾਅਵੇ ਅਤੇ ਵਾਅਦੇ ਤਾਂ ਜਰੂਰ ਕਰਦੀਆ ਹਨ ਪਰ ਉਸ ਵਿਚਾਰ ਸੁਧਾਰ ਹੋਣ ਦੀ ਬਜਾਏ ਇਸ ਦਾ ਵਪਾਰੀਕਰਨ ਜਿਆਦਾ ਵਧ ਗਿਆ ਹੈ । ਜਿਸ ਕਾਰਨ ਮਾਪਿਆਂ ਅਤੇ ਬੱਚਿਆਂ ਦੀ ਲੁੱਟ ਖਸੁੱਟ ਅੰਨੇਵਾਹ ਹੋਣ ਲੱਗ ਪਈ ਹੈ ਅਤੇ ਵਿਦਿਆਰਥੀ ਵਰਗ ਮਾਨਸਿਕ ਤਣਾਅ ਦੀ ਬਿਮਾਰੀ ਨਾਲ ਗ੍ਰਸਤ ਹੋ ਰਿਹਾ ਹੈ। ਬੁੱਧੀਜੀਵੀਆਂ ਦੇ ਪਿਛਲੇ ਦਸ ਸਾਲਾਂ ਦੇ ਸਰਵੇ ਅਨੁਸਾਰ ਲੱਗਭਗ ਇਕ ਲੱਖ ਦੇ ਕਰੀਬ ਬੱਚਿਆਂ ਨੇ ਖੁਦਕੁਸ਼ੀ ਕਰਕੇ ਅਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ । ਜਿਸ ਕਾਰਨ ਇਸ ਨਫਰੀ ਦਾ ਔਸਤਨ ਰੋਜ਼ਾਨਾ ਪ੍ਰਤੀਸ਼ਤ 35 ਤੋ 40 ਬੱਚੇ ਹਰ ਰੋਜ ਇਸ ਅਣਆਈ ਮੌਤ ਦਾ ਕਾਰਨ ਬਣਦੇ ਹਨ। ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਨਫਰੀ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਵਲ੍ਹ ਵਿਸ਼ੇਸ਼ ਤੌਰ ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਕੇਂਦਰ ਅਤੇ ਸੂਬਾ ਸਰਕਾਰਾਂ ਕੋਲੋਂ ਇਹ ਮੰਗ ਕਰਦੀ ਹੈ ਕਿ ਸਿੱਖਿਆ ਦੇ ਸੁਧਾਰ ਅਤੇ ਸਕੂਲੀ ਬੱਚਿਆਂ ਦੀ ਸਿੱਖਿਆ ਸਬੰਧੀ ਸਮੱਸਿਆ ਨੂੰ ਦੇਖਦੇ ਹੋਏ ਪਹਿਲੀ ਤੇ ਦਸਵੀਂ ਤੱਕ ਦੀ ਸਿਖਿਆ ਦੇ ਸਿਲੇਬਸ ਵਿੱਚ ਇਕਸਾਰਤਾ ਲਿਆਂਦੀ ਜਾਵੇ ਅਤੇ ਸਾਰੇ ਸਕੂਲਾਂ ਵਿੱਚ ਚਾਹੇ ਇਹ ਕੇਂਦਰ ਦੇ ਸਿੱਖਿਆ ਅਦਾਰੇ ਹੋਣ ਜਾ ਓਹ ਸੂਬੇ ਦੇ ਸਿੱਖਿਆ ਦੇ ਅਦਾਰੇ ਹੋਣ ਇਕ ਹੀ ਪੈਟਰਨ ਰਾਹੀਂ ਮੁੱਢਲੀ ਸਿੱਖਿਆ ਦੀ ਪੜ੍ਹਾਈ ਕਰਵਾਈ ਜਾਵੇ। ਤਾਂ ਜੋਂ ਨਿੱਜੀ ਸਕੂਲਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਹੋ ਰਹੇ ਸੋਸ਼ਣ ਨੂੰ ਰੋਕਿਆ ਜਾ ਸਕੇ। ਅਤੇ ਸਿਖਿਆ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਬਜਾਏ ਸਰਕਾਰ ਆਪ ਇਸ ਦੀ ਪੂਰੀ ਪੂਰੀ ਜ਼ਿੰਮੇਵਾਰੀ ਲਵੇ।ਤਾਂ ਜੋਂ ਨਿੱਜੀ ਸਕੂਲਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਹੋ ਰਹੇ ਸੋਸ਼ਣ ਨੂੰ ਰੋਕਿਆ ਜਾ ਸਕੇ।

# ਲੋਕਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਪਿੰਡਾਂ 'ਚ ਚੱਲੀ ਨਸ਼ਾ ਮੁਕਤੀ ਮੁਹਿੰਮ

## ਗੜ੍ਹਸ਼ੰਕਰ, ਚੱਬੇਵਾਲ, ਹੁਸ਼ਿਆਰਪੁਰ, ਟਾਂਡਾ ਤੇ ਮੁਕੇਰੀਆਂ 'ਚ ਨਸ਼ਾ ਮੁਕਤੀ ਯਾਤਰਾਵਾਂ ਸਬੰਧੀ ਹੋਏ ਸਮਾਗਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁਹਿੰਮ ਤਹਿਤ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਵਿਚ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿਚ ਪਿੰਡ ਗੰਡੇਵਾਲ, ਲੰਗੇਰੀ, ਹਵੇਲੀ ਅਤੇ ਦੇਹਲਰੋ ਵਿਚ ਨਸ਼ਾ ਮੁਕਤੀ ਯਾਤਰਾਵਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਵਿਚ ਸਥਾਨਕ ਨਿਵਾਸੀਆਂ ਦੀ ਵੱਡੀ ਸ਼ਮੂਲੀਅਤ ਦੇਖਣ ਨੂੰ ਮਿਲੀ ਅਤੇ ਸਾਰਿਆਂ ਵੱਲੋਂ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਇਕਜੁੱਟ ਹੋ ਕੇ ਲੜਨ ਦਾ ਪ੍ਰਣ ਲਿਆ ਗਿਆ।ਇਸੇ ਲੜੀ ਵਿਚ ਚੱਬੇਵਾਲ ਵਿਧਾਨ ਸਭਾ




ਹਲਕੇ ਦੇ ਪਿੰਡਾਂ ਬਾਹੋਵਾਲ, ਬਾੜੀਆਂ ਕਲਾਂ, ਬਾੜੀਆਂ ਖੁਰਦ, ਮਰੂਲੀ ਬ੍ਰਾਹਮਣਾ, ਮਹਿਮੋਵਾਲ ਅਤੇ ਸਲੇਮਪੁਰ ਵਿਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੀ ਅਗਵਾਈ ਹੇਠ ਜਨ ਜਾਗਰੂਕਤਾ ਰੈਲੀਆਂ ਕੱਢੀਆਂ ਗਈਆਂ। ਨੌਜਵਾਨਾਂ ਅਤੇ ਔਰਤਾਂ ਨੇ ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਲਿਆ। ਇਸ ਦੇ ਨਾਲ ਹੀ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਵਿਚ ਧੀਰੋਵਾਲ, ਡੱਲੇਵਾਲ, ਠਰੋਲੀ, ਨੰਗਲ ਸ਼ਹੀਦਾਂ, ਸ਼ੇਰਪੁਰ ਬਾਤੀਆਂ ਅਤੇ ਬੱਸੀ ਦਾਊਦ ਖਾਨ ਪਿੰਡਾਂ ਵਿਚ ਨਸ਼ਾ ਵਿਰੋਧੀ ਪ੍ਰੋਗਰਾਮ ਕੀਤੇ ਗਏ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦੀ ਅਪੀਲ ਕੀਤੀ ਗਈ। ਇਨ੍ਹਾਂ ਸਾਰੀਆਂ ਥਾਵਾਂ 'ਤੇ ਜਨਤਕ ਨੁਮਾਇੰਦਿਆਂ ਨੇ ਪਿੰਡ ਵਾਸੀਆਂ ਨੂੰ ਸਹੁੰ ਚੁਕਾਈ ਕਿ ਉਹ ਨਾ ਤਾਂ ਆਪਣੇ ਪਿੰਡ ਵਿੱਚ ਨਸ਼ਿਆਂ ਨੂੰ ਦਾਖ਼ਲ ਹੋਣ ਦੇਣਗੇ ਅਤੇ ਨਾ ਹੀ ਨਸ਼ੇ ਵੇਚਣ ਵਾਲਿਆਂ ਦਾ ਸਮਰਥਨ ਕਰਨਗੇ, ਇਥੋਂ ਤੱਕ ਕਿ ਉਨ੍ਹਾਂ ਦੀ ਜ਼ਮਾਨਤ ਤੱਕ ਨਹੀਂ ਦੇਣਗੇ। ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਜਨ ਪ੍ਰਤੀਨਿਧੀਆਂ ਨੇ ਕਿਹਾ ਕਿ ਨਸ਼ਾ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ ਅਤੇ ਸਾਡੀ ਨੌਜਵਾਨ ਪੀੜ੍ਹੀ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਾ ਵਿਰੋਧੀ ਇਸ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ ਅਤੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਪ੍ਰਣ ਲੈਣ ਦਾ ਸੱਦਾ ਦਿੱਤਾ। ਜਨ ਪ੍ਰਤੀਨਿਧੀਆਂ ਨੇ ਸਪੱਸ਼ਟ ਕੀਤਾ ਕਿ ਨਸ਼ੇ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੇ ਵਿਅਕਤੀਆਂ ਦਾ ਨਾ ਤਾਂ ਸਮਾਜ ਵਿਚ ਕੋਈ ਸਥਾਨ ਹੋਵੇਗਾ ਅਤੇ ਨਾ ਹੀ ਉਨ੍ਹਾਂ ਦੀ ਜ਼ਮਾਨਤ ਦੀ ਹਮਾਇਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸਰਕਾਰ ਦੀ ਹੀ ਨਹੀਂ ਸਗੋਂ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਇਕੱਠੇ ਹੋ ਕੇ ਇਸ ਬੁਰਾਈ ਨੂੰ ਜੜ੍ਹ ਤੋਂ ਖਤਮ ਕਰਨ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਜੂਨ INTERNATIONAL PAPER, 9463601616 hardipchumber57@gmail.com

# ਅਸਲ ਦੇ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਮੂਰਤੀ ਤੋੜਨ ਦੇ ਕਾਰਨ- ਇੰਜ ਵਿਸ਼ਾਲ ਖੈਰਾ

ਅਸਲ ਦੇ ਵਿੱਚ ਬਾਬਾ ਸਾਹਿਬ ਜੀ ਦੀ ਮੂਰਤੀ ਤੋੜਨਾ ਜਾਂ ਓਹਨਾ ਦੀ ਨਿਦਿਆ ਕਰਨੀ ਹੁਣ ਅੱਜ ਦੇ ਸਮੇਂ ਵਿੱਚ ਕੋਈ ਵੱਡੀ ਗੱਲ ਨਹੀਂ ਰਹੀ। ਭਾਵੇਂ ਵਿਸ਼ਾ ਸੰਵਿਧਾਨ ਬਦਲਣਾ ਜਾਂ ਉਸਦੇ ਪੰਨੇ ਜਲਾਉਣ ਦਾ ਹੋਵੇ। ਅੱਜ ਧਰਨੇ ਲਗਾ ਕੇ ਮਾਫੀ ਮੰਗਵਾ ਲਈ ਜਾਂ ਜੇਲ ਭੇਜ ਦੇਵਾਂਗੇ ਪਰ ਦੂਜੇ ਦਿਨ ਫਿਰ ਉਹੀ ਕੰਮ । ਸਾਨੂੰ ਇਸ ਦੇ ਪਿੱਛੇ ਛੁਪੇ ਕਾਰਣ ਦੀ ਤਹਿ ਤੱਕ ਜਾਣ ਚਾਹੀਦਾ ਹੈ ਅਤੇ ਮੰਥਨ ਕਰਨਾ ਚਾਹੀਦਾ ਹੈ।

ਜਿੱਥੇ ਤੱਕ ਮੇਰੀ ਥੋੜ੍ਹੀ ਬਹੁਤ ਸਮਝ ਹੈ ਤਾਂ ਮੈਨੂੰ ਲਗਦਾ ਹੈ ਇਨ੍ਹਾਂ ਬੇ- ਅਦਬੀਆਂ ਵਿੱਚ ਉਨੀ ਗਲਤੀ ਸਾਡੀ ਮਤਲਬ ਬਹੁਜਨ ਸਮਾਜ ਦੀ ਵੀ ਜਿੰਨੀ ਮਨੂੰਵਾਦੀ ਮੂਰਤੀ ਤੋੜਨ ਵਾਲਿਆਂ ਦੀ, ਜਿਸ ਦਾ ਮੁੱਖ ਕਾਰਨ ਹੈ, ਬਹੁਜਨ ਸਮਾਜ ਦਾ ਆਪਣੀ ਮੂਲ ਵਿਚਾਰਧਾਰਾ ਤੇ ਬੇ-ਮੁੱਖ ਹੋਣਾ ਅਤੇ ਗੈਰ ਸਮਾਜ ਦੀ ਵਿਚਾਰਧਾਰਾ ਦੀ ਗੁਲਾਮੀ ਕਰਨਾ । ਸਾਡੇ ਵੱਖਰੇ ਧਰਮ ਸਨ ਅਤੇ ਵੱਖਰੇ ਵੱਖਰੇ ਵਿਚਾਰ, ਰਹਿਬਰ ਕੀ ਕਹਿ ਕੇ ਗਏ ਇਹ ਕੋਈ ਮਤਲਬ ਨਹੀਂ ਰੱਖਦਾ।

ਤੁਸੀ ਜਰਾ ਆਪਣੇ ਆਲੇ ਦੁਆਲੇ ਝਾਤ ਮਾਰ ਕੇ ਵੇਖੋ ਕਿ ਜਿਹੜੇ ਮਹਾਂਪੁਰਸ਼ਾ ਦੀ ਵਿਚਾਰਧਾਰਾ ਦੇ ਸਮਾਜ ਦੇ ਲੋਕ ਅੱਜ ਇਕੱਠੇ ਹਨ ਕਿ ਉਹਨਾਂ ਦੇ ਦੂਜੇ ਕੁ ਦਿਨ ਅਜਿਹੇ ਇਸ਼ੂ ਬਣਦੇ ਹਨ ? ਨਿੱਤ ਬੇਅਦਬੀਆਂ ਹੁੰਦੀਆਂ ਹਨ? ਮੂਰਤੀਆਂ ਤੋੜੀਆਂ ਜਾਂਦੀਆਂ ਹਨ? ਗ੍ਰੰਥ ਜਲਾਏ ਜਾਂ ਪਾੜੇ ਜਾਂਦੇ ਹਨ ? ਜਵਾਬ ਮਿਲੇਗਾ ਨਹੀਂ ਜਾਂ ਬਹੁਤ ਘੱਟ ਪਰ ਕਿਉਂ? ਇਸਦਾ ਮੁੱਖ ਕਾਰਨ ਓਹਨਾ ਦੀ ਆਪਸੀ ਭਾਈਚਾਰਕ ਏਕਤਾ ਅਤੇ ਵਿਚਾਰਧਾਰਾ ਦੇ ਨਾਲ ਫੈਵੀਕੋਲ ਵਰਗਾ ਪੱਕਾ ਜੋੜ ਅਤੇ ਉਹਨਾਂ ਦਾ ਆਪਣੇ ਮਹਾਂ ਪੁਰਸ਼ਾ ਤੇ ਵਿਸ਼ਵਾਸ, ਜਿਸ ਕਾਰਨ ਕਿਸੇ ਦੀ ਜੁਰਅੱਤ ਤੱਕ ਨਹੀਂ ਪੈਂਦੀ ਕਿ ਉਹਨਾਂ ਦੀ ਧੀ ਭੈਣ ਵੱਲ ਕੋਈ ਅੱਖ ਚੁੱਕ ਲਵੇ, ਗ੍ਰੰਥਾਂ ਨੂੰ ਕੋਈ ਹੱਥ ਲਾ ਦੇਵੇ ਜਾਂ ਕੋਈ ਮੂਰਤੀ ਨੂੰ ਹੱਥ ਲਾ ਦੇਵੇ। ਅੰਤ; - ਸਾਨੂੰ ਆਪਣੇ ਮਹਾਪੁਰਸ਼ਾ ਦੇ ਦਰਸਾਏ ਵਿਗਿਆਨਕ ਮਾਰਗ ਤੇ ਬਿਨਾ ਕਿੰਤੂ ਪ੍ਰੰਤੂ ਕੀਤੇ ਚੱਲਣਾ



ਚਾਹੀਦਾ ਹੈ ਤਾਂ ਹੀ ਅਤੇ ਸ਼ਸ਼ਕ ਕਰਤਾ ਜਮਾਤ ਬਣ ਪਾਵਾਂਗੇ ਜਦੋਂ ਇੱਕ ਸੋਚ,ਇੱਕ ਵਿਚਾਰ,ਇੱਕ ਧਰਮ ਹੋਵੇਗਾ ਕਿਸੇ ਦੀ ਜੁਰਅੱਤ ਨਹੀਂ ਕਿ ਉਹ ਬਹੁਜਨ ਸਮਾਜ ਦੀ ਕਿਸੇ ਧੀ ਭੈਣ ਵੱਲ ਅੱਖ ਚੁੱਕ ਲਵੇ ਜਾਂ ਵਿਚਾਰਧਾਰਾ,ਸੰਵਿਧਾਨ ਅਤੇ ਮੂਰਤੀਆਂ ਤੋੜਨ ਬਾਰੇ ਸੋਚ ਵੀ ਲਵੇ । ਜੈ ਭੀਮ ਨਮੋ ਬੁਧਾਏ

# ਸਾਡਾ ਉਦੇਸ਼ ਵਿਸ਼ੇਸ਼ ਬੱਚਿਆਂ ਨੂੰ ਸੱਚਮੁੱਚ ਵਿਸ਼ੇਸ਼ ਬਣਾਉਣਾ ਹੋਣਾ ਚਾਹੀਦਾ ਹੈ - ਪ੍ਰੇਮ ਪ੍ਰਕਾਸ਼

## ਸਕੂਲ ਨੂੰ 15 ਹਜ਼ਾਰ ਰੁਪਏ ਵੀ ਸਹਾਇਤਾ ਵਜੋਂ ਦਿੱਤੇ



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਕਰਨਲ ਪ੍ਰੇਮ ਪ੍ਰਕਾਸ਼ ਅਤੇ ਉਨ੍ਹਾਂ ਦੀ ਧੀ ਪ੍ਰਣਤਾਤੀ ਰਾਏ ਪ੍ਰਕਾਸ਼ ਨੇ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਵਿਸ਼ੇਸ਼ ਬੱਚਿਆਂ ਨਾਲ ਸਮਾਂ ਬਿਤਾਇਆ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਮੁਖੀ ਹਰਬੰਸ ਸਿੰਘ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ ਵੱਲੋਂ ਸਕੂਲ ਪਹੁੰਚਣ 'ਤੇ ਪ੍ਰੇਮ ਪ੍ਰਕਾਸ਼ ਅਤੇ ਉਨ੍ਹਾਂ ਦੀ ਧੀ ਦਾ ਸਵਾਗਤ ਕੀਤਾ ਗਿਆ। ਕਰਨਲ ਪ੍ਰੇਮ ਪ੍ਰਕਾਸ਼ ਨੇ ਇਸ ਸਮੇਂ ਕਿਹਾ ਕਿ ਕਮੇਟੀ ਸਕੱਤਰ ਕਰਨਲ ਗੁਰਮੀਤ ਸਿੰਘ ਉਨ੍ਹਾਂ ਦੇ ਸਹਿਪਾਠੀ ਹਨ ਅਤੇ ਜਦੋਂ ਵੀ ਉਹ ਇੱਕ ਦੂਜੇ ਨੂੰ ਮਿਲਦੇ ਹਨ, ਆਸ਼ਾ ਕਿਰਨ ਦਾ ਸਕੂਲ ਅਤੇ ਵਿਸ਼ੇਸ਼ ਬੱਚਿਆਂ ਪ੍ਰਤੀ ਗੱਲ ਕਰਨੀ ਜ਼ਰੂਰੀ ਹੈ। ਇਸ ਸਮੇਂ ਪ੍ਰਣਤਾਤੀ ਜੋ ਕਿ ਮਾਡਲ ਹੈ, ਨੇ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਸਕੂਲ ਕਮੇਟੀ ਨੂੰ 15 ਹਜ਼ਾਰ ਰੁਪਏ ਦਾਨ ਕੀਤੇ ਅਤੇ ਕਿਹਾ ਕਿ ਭਵਿੱਖ ਵਿੱਚ ਉਹ ਜੁੜਕਰ ਵਿਸ਼ੇਸ਼ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਰਹੇਗੀ। ਇਸ ਸਮੇਂ ਸਲਾਹਕਾਰ ਪਰਮਜੀਤ ਸਿੰਘ ਸਚਦੇਵਾ ਨੇ ਕਰਨਲ ਪ੍ਰੇਮ ਪ੍ਰਕਾਸ਼ ਨੂੰ ਸਕੂਲ ਵਿੱਚ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਚਲਾਏ ਜਾ ਰਹੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਕਰਨਲ ਪ੍ਰੇਮ ਪ੍ਰਕਾਸ਼ ਨੇ ਸਕੂਲ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਜਦੋਂ ਵੀ ਲੋੜ ਹੋਵੇਗੀ ਉਹ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਹਮੇਸ਼ਾ ਖੜ੍ਹੇ ਰਹਿਣਗੇ, ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਨ੍ਹਾਂ ਵਿਸ਼ੇਸ਼ ਬੱਚਿਆਂ ਨੂੰ ਸੱਚਮੁੱਚ ਵਿਸ਼ੇਸ਼ ਬਣਾਉਣਾ ਹੋਣਾ ਚਾਹੀਦਾ ਹੈ। ਮਲਕੀਤ ਸਿੰਘ ਮਹੇੜੂ, ਸੀਏ ਤਰਨਜੀਤ ਸਿੰਘ, ਹਰਮੇਸ਼ ਤਲਵਾੜ, ਬਲਰਾਮ ਸਿੰਘ, ਪ੍ਰੇਮ ਸੈਣੀ, ਮਸਤਾਨ ਸਿੰਘ ਗਰੇਵਾਲ, ਐਡਵੋਕੇਟ ਹਰੀਸ਼ ਚੰਦਰ ਐਰੀ, ਲੋਕੇਸ਼ ਖੰਨਾ, ਰਾਮ ਆਸਰਾ, ਵਿਨੋਦ ਭੂਸ਼ਣ, ਪ੍ਰਿੰਸੀਪਲ ਸ਼ਾਲੀ ਸ਼ਰਮਾ ਆਦਿ ਵੀ ਮੌਜੂਦ ਸਨ।

# ਬੱਚਿਆਂ ਨੂੰ ਮੋਬਾਇਲ ਫੋਨ ਦੀ ਆਦਤ ਤੋਂ ਬਚਣਾ ਚਾਹੀਦਾ : ਸਰਪੰਚ ਸੁਖਦੇਵ ਸਿੰਘ ਸੰਧੂ

ਜ਼ੀਰਾ 2 ਜੂਨ ( ਅੰਗਰੇਜ਼ ਬਰਾੜ ) - ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦੀ ਆਦਤ ਵਾਂਗ ਮੋਬਾਇਲ ਫੋਨ ਦੀ ਆਦਤ ਵੀ ਇੱਕ ਨਸ਼ਾ ਹੈ, ਇਸ ਲਈ ਬੱਚਿਆਂ ਨੂੰ ਮੋਬਾਇਲ ਫੋਨ ਦੀ ਆਦਤ ਤੋਂ ਬਚਾਉਣਾ ਬੇਹੱਦ ਜਰੂਰੀ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਮਨਕਿਆਂ ਵਾਲੀ ਦੇ ਸਰਪੰਚ ਸਰਦਾਰ ਸੁਖਦੇਵ ਸਿੰਘ ਸੰਧੂ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ! ਉਹਨਾਂ ਕਿਹਾ ਕਿ ਅੱਜ ਕੱਲ ਜਿਆਦਾਤਰ ਮਾਵਾਂ ਆਪਣੇ ਕੰਮ ਕਾਰ ਕਰਨ ਲਈ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਫੜਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਮੋਬਾਇਲ ਫੋਨਾਂ ਦੀ ਆਦਤ ਦੇ ਸ਼ਿਕਾਰ ਹੋ ਰਹੇ ਹਨ ! ਸਰਪੰਚ ਸੁਖਦੇਵ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਵੀ ਮੋਬਾਇਲ ਫੋਨਾਂ ਦੀ ਆਦਤ ਦੇ ਸ਼ਿਕਾਰ ਹੋ ਰਹੇ ਹਨ ! ਉਹਨਾਂ ਕਿਹਾ ਕਿ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਮੋਬਾਇਲ ਫੋਨ ਨਾ ਵਰਤਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ! ਉਹਨਾਂ ਕਿਹਾ ਕਿ ਮੋਬਾਈਲ ਫੋਨ ਜਿੱਥੇ ਬੱਚਿਆਂ ਤੇ ਅਤੇ ਹਰ ਇਨਸਾਨ ਦੀ ਨਜ਼ਰ ਤੇ ਮਾੜੂ ਪ੍ਰਭਾਵ ਪਾਉਂਦਾ ਹੈ, ਉੱਥੇ ਦਿਮਾਗ ਦੇ ਵੀ ਮੋਬਾਇਲ ਫੋਨ ਬੁਰਾ ਪ੍ਰਭਾਵ ਪਾ ਰਹੇ ਹਨ! ਸਰਪੰਚ ਸੰਧੂ ਨੇ ਕਿਹਾ ਕਿ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਇੱਕ ਪੀਰੀਅਡ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰਹਿਣ ਲਈ ਲਗਾਇਆ ਜਾਣਾ ਚਾਹੀਦਾ ਹੈ ਅਤੇ ਸਕੂਲ ਪੜ੍ਹਨ ਵਾਲੇ ਬੱਚਿਆਂ ਨੂੰ ਸਕੂਲ ਵਿੱਚ ਫੋਨ ਲੈ ਕੇ ਆਉਣ ਤੇ ਮੁਕੰਮਲ ਪਾਬੰਦੀ ਲਗਾਉਣੀ ਚਾਹੀਦੀ ਹੈ! ਸਰਪੰਚ ਸੁਖਦੇਵ ਸਿੰਘ ਸੰਧੂ ਨੇ ਇਹ ਵੀ ਕਿਹਾ ਕਿ ਮੋਬਾਇਲ ਫੋਨ ਦੀ



ਵੱਧ ਵਰਤੋਂ ਕਰਨ ਵਾਲਾ ਵਿਦਿਆਰਥੀ ਪੜ੍ਹਾਈ ਵਿੱਚ ਦੂਸਰੇ ਵਿਦਿਆਰਥੀਆਂ ਨਾਲੋਂ ਕਮਜ਼ੋਰ ਹੋਵੇਗਾ! ਅਖੀਰ ਵਿੱਚ ਉਹਨਾਂ ਕਿਹਾ ਕਿ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਬਚਾਉਣਾ ਬੇਹੱਦ ਜਰੂਰੀ ਹੈ!

# ਸ਼੍ਰੀ ਬਾਬੂ ਲਾਲ ਜੀ ਰਿਟਾਇਰਡ ਚੀਫ ਫਾਰਮਾਂਸਿਸਟ ਅੱਜ ਸਦੀਵੀ ਵਿਛੋੜਾ ਦੇ ਗਏ

ਸ਼੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਫਗਵਾੜਾ ਦੇ ਸਾਬਕਾ ਪ੍ਰੈਸ ਸਕੱਤਰ ਅਤੇ ਕੈਸ਼ੀਅਰ ਸ਼੍ਰੀ ਬਾਬੂ ਲਾਲ ਜੀ ਰਿਟਾਇਰਡ ਚੀਫ ਫਾਰਮਾਂਸਿਸਟ ਨਿਵਾਸੀ 929 ਅਰਬਨ ਐਸਟੇਟ ਫਗਵਾੜਾ ਜੋ ਕੇ ਕੈਂਸਰ ਦੀ ਬਿਮਾਰੀ ਨਾਲ ਪਿਛਲੇ 5 ਸਾਲਾਂ ਤੋਂ ਜੂਝ ਰਹੇ ਸਨ ਅੱਜ ਸਦੀਵੀ ਵਿਛੋੜਾ ਦੇ ਗਏ ਸਨ , ਉਨ੍ਹਾਂ ਦੀ ਮਿਰਤਕ ਦੇਹ ਉਨ੍ਹਾਂ ਦੀ ਇੱਛਾ ਅਨੁਸਾਰ ਮੈਡੀਕਲ ਖੋਜ ਕਾਰਜਾਂ ਲਈ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਸਨਮਾਨ ਸਹਿਤ ਭੇਂਟ ਕੀਤਾ ਗਿਆ। ਇੱਥੇ ਇਹ ਜਿਕਰ ਯੋਗ ਹੈ ਕੇ ਬਾਬੂ ਲਾਲ ਜੀ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਣ ਉਪਰੰਤ ਡਾ ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਚੱਲ ਰਹੀ ਫ੍ਰੀ ਡਿਸਪੈਂਸਰੀ ਵਿਚ ਸੇਵਾਵਾਂ ਦੇ ਰਹੇ ਸਨ ਅਤੇ ਹਮੇਸ਼ਾ ਸਮਾਜ ਸੇਵਾ ਵਿਚ ਰੁੱਝੇ ਰਹਿੰਦੇ ਸਨ ਉੱਥੇ ਮਰਨ ਉਪਰੰਤ ਆਪਣੀ ਮਿਰਤਕ ਦੇਹ ਨੂੰ ਮੈਡੀਕਲ ਖੋਜ ਕਾਰਜਾਂ ਲਈ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਭੇਂਟ ਕਰਨ ਦੀ ਵਸੀਅਤ ਕਰ ਗਏ ਸਨ। ਇਸ ਮੌਕੇ ਤੇ ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਫਗਵਾੜਾ ਦੇ ਕਾਰਜਕਾਰੀ ਪ੍ਰਧਾਨ ਅਵਤਾਰ ਸਿੰਘ ਦਰਦੀ, ਜਨਰਲ ਸਕੱਤਰ ਘਨਸ਼ਾਮ, ਕੈਸ਼ੀਅਰ ਸਰਵਣ ਰਾਮ, ਸ਼ਿੰਗਾਰਾ ਰਾਮ ਬਿਰਦੀ, ਡਾ ਬਲਕਾਰ ਚੰਦ , ਜਰਨੈਲ ਸਿੰਘ, ਰਾਮ ਸਰਨ, ਬਲਦੇਵ ਸਿੰਘ, ਰਾਮ ਜੀ ਬਾਂਸਲ, ਸੋਹਣ ਲਾਲ



ਬਾਗਲਾ, ਗੁਰਮੇਜ ਸਿੰਘ, ਤਰਸੇਮ ਸੱਲ੍ਹਣ, ਰਾਮ ਕਿਸ਼ਨ ਸੰਧੂ, ਅਸ਼ੋਕ ਭਾਟੀਆ, ਸਾਬਕਾ ਕੌਂਸਲਰ ਰਮੇਸ਼ ਕੌਲ, ਮੈਡੀਕਲ ਖੇਤਰ ਦੇ ਬਹੁਤ ਸਾਰੇ ਡਾਕਟਰ, ਫਾਰਮਾਂਸਿਸਟ ਅਤੇ ਇਲਾਕੇ ਭਰ ਦੀਆਂ ਉੱਘੀਆਂ ਸ਼ਖਸੀਅਤਾ ਹਾਜ਼ਰ ਸਨ।

# ਖੌਰੇ ਕਦੋਂ ਰੁਕਣਗੀਆਂ ਇਹ ਖਬਰਾਂ, ਚਿੱਟੇ ਦੀ ਓਵਰਡੋਜ਼ ਦੀਆਂ



ਡਾ. ਜਸਪਾਲ ਸਿੰਘ (ਨਸ਼ਾ ਮੁਕਤ ਚੇਤਨਾ ਸੰਘ , ਪੰਜਾਬ)
ਮੋਬ : 9478011059

ਤਰਸ ਕਰੇ ਉਹਨਾਂ ਮਾਵਾਂ ਤੇ, ਜੋ ਪੁੱਤਾਂ ਦੀਆਂ ਦੇਹਾਂ ਨੂੰ ਲਾਂਬੂ ਨਈ,
ਸਿਰਾਂ 'ਤੇ ਸ਼ਗਨਾਂ ਦੇ ਸਿਹਰੇ ਲੋਚਦੀਆਂ
ਖੌਰੇ ਕਦੋਂ ਰੁਕਣਗੀਆਂ ਇਹ ਖਬਰਾਂ, ਚਿੱਟੇ ਦੀ ਓਵਰਡੋਜ਼ ਦੀਆਂ..
ਲੱਗਦੈ ਕਿਸੇ ਵੈਰੀ ਨੇ, ਕੋਈ ਹਥਿਆਰ ਬਣਾਇਆ ਏ.
ਚੁਣ-ਚੁਣ ਗੱਭਰੂ ਮਾਰਨ ਲਈ, ਚਿੱਟਾ ਜਾਲ ਵਿਛਾਇਆ ਏ.
ਵੈਣ ਕਲੇਜੇ ਪਾੜਦੇ ਨੇ, ਜਦ ਬੇਸੁਰਤ ਭੈਣਾਂ, ਭਰਾਵਾਂ ਦੀ ਰਾਖ ਫਰੋਲਦੀਆਂ
ਖੌਰੇ ਕਦੋਂ ਰੁਕਣਗੀਆਂ.........
ਸਜਾ ਕੇ ਸੁਪਨੇ ਲੱਖਾਂ ਕੋਈ ਲਾੜੀ ਬਣਦੀ ਏ,
ਇੱਕ ਸਿਰ ਦੇ ਸਾਂਈ ਲਈ, ਮਾਂ-ਬਾਪ ਨੂੰ ਛੱਡਦੀ ਏ,
ਸ਼ਗਨਾਂ ਦੀ ਮਹਿੰਦੀ ਫਿਰ ਵਾਂਗ ਸੂਲਾਂ ਚੁਭਦੀ ਏ,
ਜਦ ਸੱਥਰਾਂ 'ਤੇ ਸੁਹਾਗ ਦਾ ਚੂੜਾ ਤੋੜਦੀਆਂ
ਖੌਰੇ ਕਦੋਂ ਰੁਕਣਗੀਆਂ.........
ਉਦਾਸ ਨੇ ਅੱਜ ਅਖਬਾਰਾਂ ਮੇਰੇ ਦੇਸ਼ ਪੰਜਾਬ ਦੀਆਂ,
ਜੋ ਡਿਪੋਰਟ ਕੀਤਿਆਂ ਤੇ ਓਵਰਡੋਜ਼ ਕੀਤਿਆਂ ਦੀਆਂ ਤਸਵੀਰਾਂ ਛਾਪਦੀਆਂ ,
ਜੇ ਨਸ਼ੇ ਨੇ ਈ ਲੈ ਜਾਣੇ ਨੇ, ਤਾਂ ਪੁੱਤ ਜੰਮ ਕੇ ਵੀ ਕੀ ਕਰਨੇ ਨੇ
ਲਾਚਾਰ ਮਾਵਾਂ ਦੀਆਂ, ਕੁੱਖਾਂ ਸੋਚਦੀਆਂ
ਖੌਰੇ ਕਦੋਂ ਰੁਕਣਗੀਆਂ.........
ਸਜਾ ਕੇ ਕਲਗੀ ਸਿਰਾਂ 'ਤੇ, ਜਿਨ੍ਹਾਂ ਨੂੰ ਕਿਸੇ ਮੁਹਿੰਮ 'ਤੇ ਤੋਰਨਾ ਸੀ,
ਜਿਨ੍ਹਾਂ ਦੀਆਂ ਬਾਹਾਂ ਦੇ ਜ਼ੋਰ ਨੇ, ਦਰਿਆਵਾਂ ਦਾ ਮੁਹਾਣ ਮੋੜਨਾ ਸੀ,
ਬਣ ਫੋਟੋ, ਹਾਰਾਂ ਉਹਲੇ ਛੁਪ ਗਏ ਨੇ ਜੋ, ਉਹਨਾਂ ਦੀਆਂ ਮਾਵਾਂ ਹਰ ਵਕਤ ਮੌਤ ਲੋਚਦੀਆਂ.........
ਖੌਰੇ ਕਦੋਂ ਰੁਕਣਗੀਆਂ.........
ਜਸਪਾਲ ਸਿਹਾਂ, ਜੇ ਏਸ ਮਿੱਟੀ ਦਾ ਕੋਈ ਕਰਜ਼ਾ ਲਾਹੁਣਾ ਏ,
ਨਸ਼ਾ ਮੁਕਤ ਪੰਜਾਬ ਲਈ ਜੇ ਕੁੱਝ ਲਿਖਣਾ ਗਾਉਣਾ ਏ,
ਚਿੰਤਨ ਤੇ ਚੇਤਨਾ ਦਾ ਜੇ ਕੋਈ ਗਹਿਣਾ ਪਾਉਣਾ ਏ
ਫਿਰ ਐਸੀਆਂ ਗੱਲਾਂ ਦੱਸਿਆ ਕਰ, ਜੋ ਕੱਫਣਾਂ ਦੀ ਹਨੇਰੀ ਨੂੰ ਰੋਕਦੀਆਂ..........
ਖੌਰੇ ਕਦੋਂ ਰੁਕਣਗੀਆਂ.........

# ਸੰਤ ਕਬੀਰ ਕਾਲਜ ਜ਼ੀਰਾ ਵਿੱਚ ਬੀ ਐਸ ਸੀ ਫੈਸ਼ਨ ਟੈਕਨੋਲੋਜੀ ਕੋਰਸ ਦੀ ਸ਼ੁਰੂਆਤ

ਜ਼ੀਰਾ 2 ਜੂਨ ( ਅੰਗਰੇਜ਼ ਬਰਾੜ ) - ਇਲਾਕੇ ਦੇ ਨੌਜਵਾਨਾਂ ਲਈ ਖੁਸ਼ਖਬਰੀ ਹੈ ਕਿ ਸੰਤ ਕਬੀਰ ਕਾਲਜ ਜ਼ੀਰਾ ਨੇ 2025-26 ਸੈਸ਼ਨ ਤੋਂ ਬੀ ਐਸ ਸੀ ਫੈਸ਼ਨ ਟੈਕਨੋਲੋਜੀ ਕੋਰਸ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਮਹੱਤਵਪੂਰਨ ਜਾਣਕਾਰੀ ਦਾ ਪ੍ਰਗਟਾਵਾ ਕਾਲਜ ਦੇ ਚੇਅਰਮੈਨ ਸਰਦਾਰ ਗੁਰਚਰਨ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਡਾ ਸੁਖਦੇਵ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਨੌਜਵਾਨਾਂ ਵੱਲੋਂ ਲੰਬੇ ਸਮੇਂ ਤੋਂ ਫੈਸ਼ਨ ਸੈਕਟਰ ਨਾਲ ਜੁੜੇ ਕੋਰਸ ਦੀ ਮੰਗ ਕੀਤੀ ਜਾ ਰਹੀ ਸੀ। ਇਹ ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਸੁਨਹਿਰੀ ਮੌਕਾ ਹੈ ਜੋ ਫੈਸ਼ਨ ਇੰਡਸਟਰੀ ਵਿੱਚ ਕਰੀਅਰ ਬਣਾਉਣਾ ਚਾਹੁੰਦੇ ਹਨ। ਇਸ ਕੋਰਸ ਰਾਹੀਂ ਵਿਦਿਆਰਥੀਆਂ ਨੂੰ ਵਿਅਕਤੀਗਤ ਸਜਾਵਟ (ਗਾਰਮੈਂਟ ਡਿਜ਼ਾਇਨ,) ਫੈਸ਼ਨ ਟੈਕਸਟਾਈਲ ਸਾਇੰਸ, ਮਾਰਕੀਟਿੰਗ, ਅਤੇ ਇੰਡਸਟਰੀ ਲਿੰਕਡ ਪ੍ਰਾਜੈਕਟਸ ਬਾਰੇ ਥਿਊਰੀ ਅਤੇ ਪ੍ਰੈਕਟੀਕਲ ਦੋਹਾਂ ਤਰੀਕਿਆਂ ਨਾਲ ਸਿਖਲਾਈ ਦਿੱਤੀ ਜਾਵੇਗੀ। ਕਾਲਜ ਦੇ ਪ੍ਰਿੰਸੀਪਲ ਡਾ ਵੀਰਪਾਲ ਨੇ ਇਸ ਨਵੇਂ ਕੋਰਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕੋਰਸ ਵਿਦਿਆਰਥੀਆਂ ਲਈ ਵਰਦਾਨ ਸਾਬਿਤ ਹੁੰਦਾ ਹੋਇਆ ਨਵੀਆਂ ਨੌਕਰੀਆਂ ਦੇ ਰਾਹ ਖੋਲ੍ਹੇਗਾ। ਉਹ ਫੈਸ਼ਨ ਟੈਕਨੋਲੋਜੀ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਸਕਣਗੇ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ



ਪੱਧਰ 'ਤੇ ਆਪਣੀ ਕਲਾ ਨੂੰ ਪਹੁੰਚਾ ਸਕਣਗੇ। ਉਨ੍ਹਾਂ ਕਿਹਾ ਕਿ ਇਹ ਕੋਰਸ ਨਾ ਸਿਰਫ਼ ਕਰੀਅਰ ਦੇ ਨਵੇਂ ਰਾਹ ਖੋਲ੍ਹਦਾ ਹੈ, ਬਲਕਿ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਅਤੇ ਉਦਯਮਿਤਾ ਵੱਲ ਵੀ ਪ੍ਰੇਰਿਤ ਕਰਦਾ ਹੈ।

# ਢਾਈ ਦਹਾਕੇ ਬਾਅਦ ਇਕੱਠਾ ਹੋਇਆ ਨਵੋਦਿਆ ਵਿਦਿਆਲਾ ਪਟਿਆਲਾ ਦਾ 1994-2001 ਬੈਚ

## ਪਟਿਆਲਾ ਦੇ ਇੰਡੋਰਾ ਰੈਸਟੋਰੈਂਟ ਵਿੱਚ ਪੁਰਾਣੇ ਕਿੱਸਿਆਂ-ਕਹਾਣੀਆਂ, ਗੀਤਾਂ, ਕਵਿਤਾਵਾਂ ਤੇ ਚੁਟਕਲਿਆਂ ਨਾਲ ਖ਼ੂਬ ਜਮੀ ਮਹਿਫਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com





ਪਟਿਆਲਾ 02 ਜੂਨ ( ਬੇਅੰਤ ਸਿੰਘ ਰੋਹਟੀ ਖਾਸ) ਪਟਿਆਲਾ ਵਿਖੇ ਸਥਿਤ ਇੰਡੋਰਾ ਰੈਸਟੋਰੈਂਟ ਵਿਖੇ ਜਵਾਹਰ ਨਵੋਦਿਆ ਵਿਦਿਆਲਾ ਪਟਿਆਲਾ ਵਿੱਚ 1994 ਬੈਚ ਸਮੇਂ ਦਾਖਲ ਹੋਏ ਮੁੰਡਿਆਂ ਤੇ ਕੁੜੀਆਂ ਨੇ ਇਕੱਤਰਤਾ ਕਰਨ ਦਾ ਸਬੱਬ ਰਚਾਇਆ। ਜਿਸ ਲਈ ਬੁਨਿਆਦੀ ਪ੍ਰਬੰਧ ਇੱਥੋਂ ਦੇ ਹੀ ਵਸਨੀਕ ਤੇ ਪੰਜਾਬ ਪੁਲਸ ਵਿੱਚ ਤਾਇਨਾਤ ਗੁਰਚਰਨਦੀਪ ਸਿੰਘ ਜੋਨੀ ਨੇ ਬਹੁਤ ਹੀ ਸ਼ਾਨਦਾਰ ਕੀਤੇ। ਰਸਮੀ ਮਿਲਣੀਆਂ ਤੇ ਖਾਣ-ਪੀਣ ਦੇ ਨਾਲ਼ ਨਾਲ਼ ਸਜੀ ਸਕੂਲੀ ਬਾਲ-ਸਭਾ ਜਿਹੀ ਮਹਿਫਲ ਨੇ ਮਾਹੌਲ ਨੂੰ ਸਿਖਰਲੀਆਂ ਹੱਦਾਂ ਤੱਕ ਖੁਸ਼ਨੁਮਾ ਬਣਾਈ ਰੱਖਿਆ। ਮੁੰਡਿਆਂ ਵਿੱਚੋਂ ਪ੍ਰਵੇਜ, ਇਕਬਾਲ, ਪਰਮਿੰਦਰ, ਗੁਰਪ੍ਰੀਤ ਕਲੇਰ ਤੇ ਲਖਵਿੰਦਰ ਲੱਕੀ ਅਤੇ ਕੁੜੀਆਂ ਵਿੱਚੋਂ ਗਗਨ, ਸੁਖਦੀਪ, ਹਰਪ੍ਰੀਤ, ਸੰਤੋਸ਼, ਮਨਪ੍ਰੀਤ, ਬੇਅੰਤ ਤੇ ਮਮਤਾ ਨੇ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਹਰਜਿੰਦਰ ਰਾਜੂ, ਜਗਤਾਰ, ਅਮਨਦੀਪ ਤੇ ਸੱਚਦੀਪ ਨੇ ਸ਼ਾਇਰਾਨਾ ਤੇ ਸੰਗੀਤਕ ਰੰਗ ਜਮਾਈ ਰੱਖਿਆ। ਸਰਬਜੀਤ ਕੌਰ ਆਪਣੀ ਪੇਸ਼ਕਾਰੀ ਦੌਰਾਨ ਸਕੂਲ ਸਮੇਂ ਦੇ ਗੀਤਾਂ ਅਸੀ ਦਿਨ ਚੜ੍ਹਦੇ ਦੀ ਲਾਲੀ ਤੇ ਨਈਆ ਹੋਅਅ... ਰੇ ਹੋਅਅਅ..., ਆਦਿ ਗੀਤਾਂ ਨਾਲ਼ ਜਿਵੇਂ ਸਾਰਿਆਂ ਦੀ ਉਮਰ ਨੂੰ ਬੈਕ-ਗੇਅਰ ਵਿੱਚ ਪਾ ਕੇ 27 - 28 ਸਾਲ ਪਿੱਛੇ ਲੈ ਗਈ। ਹਰਦੀਪ ਕੌਰ ਦੁਆਰਾ ਕੀਤੀ ਮਿਮਕਿਰੀ ਨੇ ਖ਼ੂਬ ਠਹਾਕੇ ਲਵਾਏ। ਨਸੀਬ ਦੀ ਬਚਪਨ ਸਮੇਂ ਦੀ ਜਿਉਂ ਦੀ ਤਿਉਂ ਕਾਇਮ ਮਾਸੂਮੀਅਤ ਅਤੇ ਫਰਾਖਦਿਲੀ ਖਿੱਚ ਦਾ ਕੇਂਦਰ ਬਣੀ ਰਹੀ। ਉਪਰੰਤ ਦੁਪਿਹਰ ਦਾ ਭੋਜਨ ਇਕੱਠਿਆਂ ਕਰ ਸਭ ਨੇ ਦੁਬਾਰਾ ਜਲਦ ਮਿਲਣ ਦੀ ਉਤਸੁਕਤਾ ਨਾਲ਼ ਵਿਦਾ ਲਈ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਗੁਰਬਿੰਦਰ ਰੋਮੀ ਨੇ ਬਾਖੂਬੀ ਨਿਭਾਈ।

# ਕੰਪਿਊਟਰ ਅਧਿਆਪਕਾਂ ਨੇ ਸਰਕਾਰ ਦੀ ਵਾਅਦਾ ਖਿਲਾਫੀ ਦੇ ਵਿਰੁੱਧ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



2ਜੂਨ (ਬੇਅੰਤ ਸਿੰਘ ਰੋਹਟੀ ਖਾਸ)ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸੂਬਾ ਪੱਧਰੀ ਰੋਸ ਮਾਰਚ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਜੀ ਲੁਧਿਆਣਾ ਵੈਸਟ ਦੀ ਰਿਹਾਇਸ਼ ਦੇ ਸਾਹਮਣੇ ਕੀਤਾ ਗਿਆ। ਸਵੇਰ ਤੋਂ ਹੀ ਕੰਪਿਊਟਰ ਅਧਿਆਪਕ ਵੱਡੀ ਗਿਣਤੀ ਵਿੱਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਗੇਟ ਨੰਬਰ ਇੱਕ ਤੇ ਇਕੱਠੇ ਹੋਣੇ ਸ਼ੁਰੂ ਹੋਏ ਯੂਨੀਅਨ ਆਗੂਆ ਨੇ ਇਕੱਠ ਨੂੰ ਸੰਬੋਧਿਤ ਕਰਦੇ ਹੋਏ ਸਰਕਾਰ ਤੇ ਤਿੱਖੇ ਹਮਲੇ ਕੀਤੇ ਕਿ ਸਰਕਾਰ ਜਾਣ ਬੁਝ ਕੇ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਛੇਵਾਂ ਪੇ ਕਮਿਸ਼ਨ ਲਾਗੂ ਕਰਨ, ਪੰਜਾਬ ਸਿਵਿਲ ਸਰਵਿਸ ਰੂਲ ਨੂੰ ਲਾਗੂ ਕਰਨਾ, ਡੈਥ ਕੇਸ ਵਿੱਚ ਬਣਦੇ ਸਾਰੇ ਲਾਭ ਦੇਣਾ ਅਤੇ ਇਸ ਤੋਂ ਇਲਾਵਾ ਰੈਗੂਲਰ ਸੇਵਾ ਵਾਲੇ ਸਾਰੇ ਬਣਨ ਦੇ ਲਾਭ ਦੇਣ ਵਾਲਿਆਂ ਨੂੰ ਅਣਗੌਲਿਆ ਕਰ ਰਹੀ ਹੈ। ਜਦੋਂ ਕਿ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਮਿਤੀ 2011 ਤੋਂ ਨਿਯਮ ਵੱਧ ਰੂਪ ਵਿੱਚ ਰੈਗੂਲਰ ਹਨ ਪਿਛਲੇ ਤਿੰਨ ਸਾਲ ਤੋਂ ਜਥੇਬੰਦੀ ਸਰਕਾਰ ਨਾਲ ਵੱਖ-ਵੱਖ ਮੀਟਿੰਗਾਂ ਕਰ ਚੁੱਕੀ ਹੈ। ਮੀਟਿੰਗਾਂ ਵਿੱਚ ਤਾਂ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ ਪ੍ਰੰਤੂ ਅਸਲ ਵਿੱਚ ਹੱਲ ਕਰਨ ਲਈ ਅਣਗੋਲਿਆ ਕੀਤਾ ਜਾ ਰਿਹਾ ਯੂਨੀਅਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਅੱਜ ਦਾ ਇਹ ਰੋਸ ਮਾਰਚ ਸੰਕੇਤਕ ਸੀ।ਜਥੇਬੰਦੀ ਵੱਲੋਂ ਜੂਨ ਮਹੀਨੇ ਦੌਰਾਨ ਸਿੱਖਿਆ ਭਵਨ ਦਫਤਰ ਮੋਹਾਲੀ ਵਿਖੇ ਗੇਟ ਰੈਲੀ ਕੀਤੀ ਜਾਵੇਗੀ ਅਤੇ ਆਉਂਦੇ ਦਿਨਾਂ ਵਿੱਚ ਵੱਡੇ ਪੱਧਰ ਤੇ ਸਰਕਾਰ ਦਾ ਘਰਾਓ ਕੀਤਾ ਜਾਏਗਾ ।ਜਿਸ ਦੀ ਨਿਰੋਲ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।ਅੱਜ ਦੀ ਇਸ ਰੋਸ ਰੈਲੀ ਵਿੱਚ ਹਰਪ੍ਰੀਤ ਸਿੰਘ ਜਨਰਲ ਸਕੱਤਰ ਪੰਜਾਬ, ਹਰਜੀਤ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਪੰਜਾਬ, ਅਨਿਲ ਐਰੀ ਮੀਤ ਪ੍ਰਧਾਨ ਪੰਜਾਬ, ਰਾਖੀ ਮੰਨਨ ਸੀਨੀਅਰ ਮੀਤ ਪ੍ਰਧਾਨ ਪੰਜਾਬ,ਸਿਕੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਪੰਜਾਬ, ਪਰਮਵੀਰ ਸਿੰਘ ਸੰਧੂ ਮੀਤ ਪ੍ਰਧਾਨ ਪੰਜਾਬ, ਗੁਰਪ੍ਰੀਤ ਸਿੰਘ ਮਾਨਸਾ ਸਟੇਟ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ ਹਰ ਰਾਏ ਕੁਮਾਰ ਲੁਧਿਆਣਾ, ਰਵਿੰਦਰ ਸਿੰਘ ਹੁਸ਼ਿਆਰਪੁਰ, ਗੁਰਪਿੰਦਰ ਸਿੰਘ ਗੁਰਦਾਸਪੁਰ, ਦਵਿੰਦਰ ਸਿੰਘ ਫਿਰੋਜ਼ਪੁਰ, ਰਕੇਸ਼ ਸਿੰਘ ਖਾਲਸਾ ਮੋਗਾ, ਗਗਨਦੀਪ ਸਿੰਘ ਅੰਮ੍ਰਿਤਸਰ, ਈਸ਼ਰ ਸਿੰਘ ਬਠਿੰਡਾ, ਲਖਰਾਜ ਸਿੰਘ ਸ੍ਰੀ ਮੁਕਤਸਰ ਸਾਹਿਬ, ਮੈਡਮ ਹਰਮਨ ਪ੍ਰੀਤ ਕੌਰ ਪਟਿਆਲਾ, ਸੰਦੀਪ ਵਾਲੀਆ ਲੁਧਿਆਣਾ ਅਤੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਹੋਏ।

# ਅਰੋੜਾ ਵੈਲਫ਼ੇਅਰ ਸਭਾ ਨੇ ਕਰਵਾਇਆ ਧਾਰਮਿਕ ਸਮਾਗਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਸੰਗਰੂਰ 02 ਜੂਨ ( ਜਸਪਾਲ ਸਰਾਓ/ ਬੇਅੰਤ ਸਿੰਘ ਰੋਹਟੀ ਖਾਸ) ਅਰੋੜਾ ਵੈਲਫ਼ੇਅਰ ਸਭਾ ਸੰਗਰੂਰ ਦੇ ਪ੍ਰਧਾਨ ਨਰੇਸ਼ ਜੁਨੇਜਾ ਅਤੇ ਸਮੂਹ ਕਮੇਟੀ ਮੈਂਬਰਾ ਅਤੇ ਲੇਡੀਜ਼ ਵਿੰਗ ਦੀ ਟੀਮ ਵੱਲੋਂ ਅਰੋੜਾ ਸਮਾਜ ਦੇ ਸੰਸਥਾਪਕ ਸ਼੍ਰੀ ਅਰੂੜ ਜੀ ਮਹਾਰਾਜ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਅਤੇ ਸ਼ਰਧਾ ਦੇ ਨਾਲ ਮਨਾਇਆ ਗਿਆ ਇਸ ਮੌਕੇ ਸਭਾ ਵਲੋ ਏਕ ਸ਼ਾਮ ਸ਼੍ਰੀ ਖਾਟੂ ਸ਼ਿਆਮ ਕੇ ਨਾਮ ਦੀ ਭਜਨ ਸੰਧਿਆ ਮੰਦਿਰ ਮਾਤਾ ਮਹਾਂਕਾਲੀ ਦੇਵੀ ਜੀ ਵਿਖੇ ਕਰਵਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਕੈਬਿਨੇਟ ਮੰਤਰੀ ਅਮਨ ਅਰੋੜਾ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸ਼੍ਰੀ ਵਿਜੈਇੰਦਰ ਸਿੰਗਲਾ ਸਾਬਕਾ ਕੈਬਿਨੇਟ ਮੰਤਰੀ ਪੰਜਾਬ, ਸ਼੍ਰੀ ਅਰਵਿੰਦ ਖੰਨਾ ਸਾਬਕਾ ਐਮ ਐਲ ਏ, ਬੀਬਾ ਨਰਿੰਦਰ ਕੌਰ ਭਰਾਜ, ਐਮ ਐਲ ਏ ਸੰਗਰੂਰ, ਕਰਮ ਲਹਿਲ ਇੰਚਾਰਜ ਬੀਜੇਪੀ ਸਪੋਰਟ ਸੈੱਲ, ਮੁਕੇਸ਼ ਜੁਨੇਜਾ ਚੇਅਰਮੈਨ ਮੰਡੀ ਬੋਰਡ, ਸੰਗਰੁਰ , ਭੁਪਿੰਦਰ ਸਿੰਘ ਨੇਹਲ਼ ਪ੍ਰਧਾਨ ਨਗਰ ਕੌਂਸਲ ਸੰਗਰੂਰ, ਕੁੰਦਨ ਗੋਗੀਆ ਮੇਅਰ ਪਟਿਆਲਾ ਨਗਰ ਨਿਗਮ, ਜਗਦੀਸ਼ ਕੁਮਾਰ ਜੱਗਾ, ਉਪ ਰਾਸ਼ਟਰੀ ਪ੍ਰਧਾਨ ਬਹਾਵਲਪੁਰ ਸਮਾਜ, ਰਾਜ ਕੁਮਾਰ ਸਚਦੇਵਾ ਪੰਜਾਬ ਪ੍ਰਧਾਨ ਬਹਾਵਲਪੁਰ ਸਮਾਜ , ਨਰਾਇਣ ਦਾਸ ਸਚਦੇਵਾ ਅਤੇ ਰਾਜਿੰਦਰ ਕੁਮਾਰ ਸੁਖੀਜਾ ਪ੍ਰਧਾਨ ਬਹਾਵਲਪੁਰ ਸਮਾਜ ਭਵਾਨੀਗੜ੍ਹ ਨੇ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀ ਸ਼ਿਆਮ ਬਾਬਾ ਜੀਂ ਪੂਜਾ ਤੋਂ ਕੀਤੀ ਗਈ ਅਤੇ ਪ੍ਰਭੂ ਦਾ ਗੁਣਗਾਨ ਸ਼੍ਰੀਕਾਂਤ ਯੁਵੀ ਸ਼ਰਮਾ ਅਤੇ ਪੂਜਾ ਸਖੀ ਜੀ ਵ੍ਰਿੰਦਾਵਨ ਜੀ ਵਲੋ ਬਾਬਾ ਸ਼ਿਆਮ ਦੇ ਗੁਣਗਾਨ ਅਤੇ ਭਜਨ ਗਾ ਕੇ ਸੰਗਤਾਂ ਨੂੰ ਪ੍ਰਭੂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਸਭਾ ਦੇ ਜਨਰਲ ਸਕੱਤਰ ਤਰਸੇਮ ਕਾਲੜਾ ਅਤੇ ਫਾਇਨਾਂਸ ਸਕੱਤਰ ਰਜਨੀਸ਼ ਉਤਨੇਜਾ, ਰਾਜ ਕਠਪਲੀਆ, ਸੁਨੀਲ ਅਰੋੜਾ ਅਤੇ ਗਿਰਧਰ ਗੋਪਾਲ ਨੇ ਕਿਹਾ ਕਿ ਉਹ ਹਰ ਸਾਲ ਅਰੋੜਾ ਵੈਲਫ਼ੇਅਰ ਸਭਾ ਵਲੋ ਸ਼੍ਰੀ ਅਰੂੜ ਜੀ ਦਾ ਜਨਮ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਭਾ ਦੇ ਸਰਪ੍ਰਸਤ ਟਹਿਲ ਚੰਦ ਛਾਬੜਾ, ਚੇਅਰਮੈਨ ਨੰਦ ਲਾਲ ਗਾਂਧੀ ਅਤੇ ਸੀਨੀਅਰ ਮੀਤ ਪ੍ਰਧਾਨ ਪਵਨ ਆਹੂਜਾ, ਰਮੇਸ਼ ਛਾਬੜਾ, ਜਗਦੀਸ਼ ਕਾਲੜਾ, ਪੰਕਜ ਸਚਦੇਵਾ ਅਤੇ ਤਿਲਕ ਸਚਦੇਵਾ ਨੇ ਕਿਹਾ ਸਭਾ ਨੇ ਹਮੇਸਾ ਹੀ ਲੋੜਵੰਦਾ ਦੀ ਸੇਵਾ ਕਰਨ ਦੀ ਭਾਵਨਾ ਨਾਲ ਆਪਣਾ ਕਾਰਜ ਕਰਦਿਆਂ ਰਹੀ ਹੈ। ਸਭਾ ਦੇ ਮੀਤ ਪ੍ਰਧਾਨ ਰਾਕੇਸ਼ ਥਾਰੇਜਾ, ਚਮਨ ਸਿਡਾਨਾ, ਧਰਮ ਪਾਲ ਮੁਲਤਾਨੀ , ਰਿਕੀ ਬਜਾਜ, ਦੀਪਕ ਹੰਸ ਨੇ ਕਿਹਾ ਕਿ ਸਭਾ ਨੇ ਸ਼ਹਿਰ ਵਿਚ ਬਹੁਤ ਸਾਰੇ ਸਮਾਜਿਕ ਅਤੇ ਧਾਰਮਿਕ ਸਮਾਗਮ ਕਰਵਾਏ ਹਨ।ਸਭਾ ਵਲੋ ਸ਼ਹਿਰ ਦੀਆ ਸਨਮਾਨਿਤ ਅਤੇ ਨਾਮੀ ਸਖਸ਼ੀਅਤਾਂ ਜਿਨ੍ਹਾ ਵਿੱਚੋ ਸ਼੍ਰੀ ਅਮਨ ਅਰੋੜਾ , ਅਰਵਿੰਦ ਖੰਨਾ, ਵਿਜੈਇੰਦਰ ਸਿੰਗਲਾ, ਬੀਬਾ ਨਰਿੰਦਰ ਕੌਰ ਭਰਾਜ਼, ਭੁਪਿੰਦਰ ਸਿੰਘ, ਮੁਕੇਸ਼ ਜੁਨੇਜਾ, ਜਗਦੀਸ਼ ਜੱਗਾ, ਦਿਨੇਸ਼ ਬਾਂਸਲ, ਬਦਰੀ ਜਿੰਦਲ, ਜਸਪਾਲ ਸ਼ਰਮਾ, ਬਲਵਿੰਦਰ ਗੁਲਾਟੀ, ਰਾਜੇਸ਼ ਥਾਰੇਜਾ, ਰਵੀ ਚਾਵਲਾ ਐਮ ਸੀ, ਰੀਤੂ ਕੰਡਾ ਐਮ ਸੀ, ਜਯੋਤੀ ਗਾਬਾ, ਤੇ ਹਿਮਾਂਸ਼ੂ ਗਾਬਾ ਐਮ ਸੀ, ਪਰਮਿੰਦਰ ਸਿੰਘ ਪਿੰਕੀ ਐਮ ਸੀ , ਬਦਰੀ ਜਿੰਦਲ, ਜਸਪਾਲ ਸ਼ਰਮਾ , ਤੇ ਇਲਾਵਾ ਬਹੁਤ ਸਾਰੇ ਪਤਵੰਤੇ ਤੇ ਸ਼ਹਿਰ ਨਿਵਾਸੀਆਂ ਨੂੰ ਸਨਮਾਨਿਤ ਕੀਤਾ ਗਿਆ।ਲੇਡੀਜ਼ ਵਿੰਗ ਦੇ ਪ੍ਰਧਾਨ ਉਮਾ ਉਤਨੇਜਾ , ਚੇਅਰਮੈਨ ਰਾਖੀ ਕਾਲੜਾ,ਉਪ ਚੇਅਰਮੈਨ ਪੂਜਾ ਅਰੋੜਾ , ਜਨਰਲ ਸਕੱਤਰ ਸ਼ੈਲੀ ਹੰਸ, ਸਰਪ੍ਰਸਤ ਅਨੂ ਆਹੂਜਾ ਅਤੇ ਸਮੂਹ ਲੇਡੀਜ਼ ਵਿੰਗ ਵਲੋਂ ਅਰੋੜਾ ਸਮਾਜ ਦੇ ਮੈਰਿਟ ਵਿੱਚ ਆਏ ਬੱਚਿਆ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਜੈ ਢੀਂਗਰਾ , ਬੀ ਡੀ ਅਰੋੜਾ, ਐਮ ਐਲ ਨਾਰੰਗ, ਓਮ ਪ੍ਰਕਾਸ਼ ਅਰੋੜਾ , ਨਰੇਸ਼ ਤਨੇਜਾ, ਡਾਕਟਰ ਗਗਨ ਬਜਾਜ, ਅਰੁਣ ਹਸੀਜਾ, ਡਾਕਟਰ ਮੋਹਿੰਦਰ ਆਹੂਜਾ, ਹੈਪੀ ਕੰਡਾ , ਹਿਮਾਂਸ਼ੂ ਛਾਬੜਾ, ਓਮ ਪ੍ਰਕਾਸ਼ ਬਿੱਟੂ, ਸੁਭਾਸ਼ ਜੁਨੇਜਾ ਸਮਰਾਟ ਸ਼ਰਮਾ , ਵਿਜੈ ਕਾਂਤ, ਨੰਦ ਗਰੋਵਰ,ਸਰਵਣ ਸਚਦੇਵਾ, ਅਸ਼ਵਨੀ ਗਰਗ, ਰਜਨੀ ਕਥਪਾਲੀਆਂ, ਸਵਾਰੀ ਮਨਚੰਦਾ, ਉਮਾ ਉਰਨੇਜਾ, ਸ਼ੈਫਾਲੀ ਗਰੋਵਰ , ਸੋਨਮ ਬਜਾਜ, ਮੰਜੂ ਅਰੋੜਾ, ਕਮਲੇਸ਼ ਹਸੀਜਾ, ਸਵਿਤਾ ਚਾਵਲਾ, ਡਾਕਟਰ ਰੇਣੁਕਾ ਬਜਾਜ, ਰੀਨਾ ਆਹੂਜਾ, ਰੁਪਾਲੀ ਗਾਂਧੀ,ਪੰਕਜ ਬਾਵਾ, ਅਰੁਣ ਸ਼ਰਮਾ , ਦੀਪਕ ਸ਼ਰਮਾ ਰੇਖਾ ਅਰੋੜਾ ,ਸੰਜੇ ਮਦਾਨ, ਦਿਨੇਸ਼ ਖੱਤਰੀ , ਭਵਾਨੀਗੜ੍ਹ ਦੀ ਟੀਮ ਅਤੇ ਪਟਿਆਲਾ ਤੋਂ ਬਹੁਤ ਸਾਰੇ ਹਾਜ਼ਿਰ ਆਦਿ ਹਾਜ਼ਿਰ ਸਨ।

# ਜੀਨਗਰ ਧਰਮਸਾਲਾ ਵਿਖੇ ਜਨਰਲ ਅਤੇ ਔਰਤਾਂ ਦੇ ਰੋਗਾਂ ਦਾ ਕੈਂਪ ਲਗਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਲੁ ਧਿ ਆ ਣਾ (ਗੁਰਦੀਪ ਸਿੰਘ) ਅੱਜ ਜੀਨਗਰ ਧਰਮਸਾਲਾ ਪ੍ਰੇਮ ਨਗਰ ,ਇਸਲਾਮ ਗੰਜ ਵਿਖੇ ਸ਼ਿਲਪੀ ਹਸਪਤਾਲ ਵੱਲੋਂ ਜਨਰਲ ਤੇ ਔਰਤਾਂ ਦੇ ਰੋਗਾਂ ਦਾ ਫਰੀ ਕੈਂਪ ਲਗਾਇਆ ਗਿਆ। ਇਸ ਵਿੱਚ ਕੋਟਾ ਰਾਜਸਥਾਨ ਦੇ ਮਸ਼ਹੂਰ ਡਾ. ਸ਼ਿਲਪੀ ਖੰਨਾ ਐਮ ਬੀ ਬੀ ਐਸ ,ਐਮ ਐਸ ਤੇ ਡਾ. ਗੋਰਵ ਖੰਨਾ ਐਮ ਬੀ ਬੀ ਐਸ, ਡੀ ਏ, ਡੀ ਐਨ ਬੀ ਨੇ ਮਰੀਜ਼ਾਂ ਦਾ ਚੈਕ ਅਪ ਕੀਤਾ। ਇਸ ਮੌਕੇ ਫਰੀ ਬਲੱਡ ਟੈਸਟ ਵੀ ਕੀਤੇ ਗਏ।ਇਸ ਕੈਂਪ ਵਿੱਚ ਮਰੀਜ਼ਾਂ ਨੂੰ ਮਸ਼ਵਰਾ ਦਿੱਤਾ ਗਿਆ ਤੇ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਡਾ. ਸ਼ਿਲਪੀ ਖੰਨਾ ,ਐਮ ਬੀ ਬੀ ਐਸ , ਐਮ ਐਸ , ਡਾ .ਗੌਰਵ ਖੰਨਾ ਐਮ ਬੀ ਬੀ ਐਸ, ਡੀ ਏ ,ਡੀ ਐਨ ਬੀ , ਡਾ . ਸ਼ਾਫਿਆ ਅਨਵਰ ਬੀ ਏ ਐਮ ਐਸ ,ਸਟਾਫ਼ ਜਸਪ੍ਰੀਤ ਕੌਰ , ਅਮੀਸ਼ਾ , ਮਹਿਕਪ੍ਰੀਤ ਕੌਰ ਕੋਹਾਰਾ,ਮਹਿਕਪ੍ਰੀਤ ਕੌਰ ਰਨਿਆ, ਕਦਿਰ ਹੁਸੈਨ, ਅੰਕਿਤ ਮਲਹੋਤਰਾ , ਕਮਲਜੀਤ ਸਿੰਘ , ਮਨੀਸ਼ ਜੱਗਾਭ , ਸੁਰੇਸ਼ ਰਾਠੌਰ ਪ੍ਰਧਾਨ ਮੋਚੀ ਧਰਮਸ਼ਾਲਾ ਤੋਂ ਇਲਾਵਾ ਕਈ ਪਤਵੰਤੇ ਸੱਜਣ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਲੜਾਈ ਪਿੰਡ-ਦਰ-ਪਿੰਡ, ਸ਼ਹਿਰ-ਦਰ-ਸ਼ਹਿਰ ਪਹੁੰਚ ਰਹੀ ਹੈ- ਦੇਵ ਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਨਾਭਾ 2 ਜੂਨ (ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਨਾਭਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਦਾ ਦੌਰਾ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਨਾਭਾ ਹਲਕੇ ਦੇ ਹਰ ਘਰ, ਹਰ ਪਿੰਡ ਅਤੇ ਹਰ ਸ਼ਹਿਰ ਤੱਕ ਪੂਰੀ ਤਾਕਤ ਨਾਲ ਪਹੁੰਚ ਰਹੀ ਹੈ। ਪਿੰਡ ਦੇ ਜ਼ਿੰਮੇਵਾਰ ਲੋਕ, ਮਾਵਾਂ, ਭੈਣਾਂ ਅਤੇ ਬੱਚੇ ਬਹੁਤ ਉਤਸ਼ਾਹ ਨਾਲ ਇਸ ਮੁਹਿੰਮ ਦਾ ਹਿੱਸਾ ਬਣ ਰਹੇ ਹਨ। ਅਤੇ ਇਕੱਠੇ ਹੋ ਕੇ ਉਹ ਪੰਜਾਬ ਸਰਕਾਰ ਦੀ ਇਸ ਇਤਿਹਾਸਕ ਪਹਿਲਕਦਮੀ ਦਾ ਹਿੱਸਾ ਬਣ ਰਹੇ ਹਨ। ਵਿਧਾਇਕ ਦੇਵ ਮਾਨ ਆਪਣੀ ਟੀਮ ਸਮੇਤ ਅਭੈਪੁਰ, ਟੋਡਰਵਾਲ ਅਤੇ ਊਧਾ ਪਿੰਡਾਂ ਵਿੱਚ ਪਹੁੰਚੇ ਅਤੇ ਸਾਰਿਆਂ ਨੂੰ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦੀ ਸਹੁੰ ਚੁਕਾਈ ਅਤੇ ਕਿਹਾ ਕਿ ਪਿੰਡ ਵਾਸੀਆਂ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਸ਼ਰਾਰਤੀ ਅਨਸਰਾਂ ਦਾ ਖੁੱਲ੍ਹ ਕੇ ਵਿਰੋਧ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਾ ਦੇ ਇਲਾਵਾ ਤਜਿੰਦਰ ਸਿੰਘ ਖੈਰਾ,ਧਰਮਿੰਦਰ ਸੁਖੇਵਾਲ ਚੇਅਰਮੈਨ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ , ਭੁਪਿੰਦਰ ਸਿੰਘ ਮੌਜੂਦ ਰਹੇ l

ਤਸਵੀਰ: ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਪਿੰਡ ਵਾਸੀਆਂ ਅਤੇ ਬੱਚਿਆਂ ਨੂੰ ਜਾਗਰੂਕ ਕਰਦੇ ਹੋਏ।

# ਮਿਹਨਤ ਕਰ ਦਰਜੀ ਦਾ ਕੰਮ ਕਰਨ ਵਾਲੇ ਦੇ ਸਪੁੱਤਰ ਨੇ ਲੈਫਟੀਨੈਂਟ ਦੇ ਅਹੁਦੇ ਤੇ ਪ੍ਰਹੰਚ ਵੱਡਾ ਮੁਕਾਮ ਕੀਤਾ ਹਾਸਿਲ- ਪਟਿਆਲਾ ਜ਼ਿਲ੍ਹੇ ਦਾ ਵਧਾਇਆ ਮਾਣ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਨਾਭਾ 2 ਜੂਨ( ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਹਲਕਾ ਨਾਭਾ ਦੇ ਪਿੰਡ ਵਜੀਦਪੁਰ ਤੋਂ 24 ਸਾਲਾਂ ਨੌਜਵਾਨ ਦੀ ਭਾਰਤੀ ਫੌਜ ਵਿੱਚ ਲੈਫਟੀਨੈਂਟ ਵਜੋਂ ਚੋਣ ਹੋਣ ਉਪਰੰਤ ਅੱਜ ਆਪਣੇ ਘਰ ਪੁਹੰਚਣ ਤੇ ਪਿੰਡ ਵਾਸੀਆਂ ਅਤੇ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਇੰਦਰਜੀਤ ਸਿੰਘ ਦੇ ਪਿਤਾ ਗੁਰਜੰਟ ਸਿੰਘ ਅਤੇ ਮਾਤਾ ਨਿਰਮਲ ਕੌਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਇਸ ਨਿਯੁਕਤੀ ਲਈ ਉਹ ਬਹੁਤ ਖੁਸ਼ ਹਨ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਦੇ ਭਰਾ ਜਸਵੀਰ ਸਿੰਘ ਛਿੰਦਾਂ ਅਤੇ ਇੰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਇੰਦਰਜੀਤ ਸਿੰਘ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਰਾਜਗੜ੍ਹ ਤੋਂ ਪ੍ਰਾਪਤ ਕੀਤੀ ਉਸ ਤੋਂ ਬਾਅਦ 12 ਵੀ ਦੀ ਪੜਾਈ ਮੈਰੀਟੋਰੀਅਸ ਸਕੂਲ ਪਟਿਆਲਾ ਤੋਂ ਪ੍ਰਾਪਤ ਕੀਤੀ ਇਸ ਤੋਂ ਬਾਅਦ ਉਹ 2019 ਵਿੱਚ ਭਾਰਤੀ ਫੌਜ ਬਤੋਰ ਕਲੈਰੀਕਲ ਵਜੋਂ ਨਿਯੁਕਤ ਹੋਏ ਉਸ ਤੋਂ ਬਾਅਦ ਜੁਲਾਈ 2024 ਵਿੱਚ ACC ਦੀ ਪ੍ਰੀਖਿਆ ਦਿੱਤੀ ਅਤੇ ਅਪ੍ਰੈਲ 2025 ਵਿੱਚ SSB ਦੀ ਇੰਟਰਵਿਊ ਦਿੱਤੀ ਉਸ ਤੋਂ ਬਾਅਦ ਉਹ ਭਾਰਤੀ ਫੌਜ ਵਿੱਚ ਬਤੋਰ ਲੈਫਟੀਨੈਂਟ ਨਿਯੁਕਤ ਹੋਇਆ ਇਸ ਮੌਕੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਹੁਣ ਉਸ ਦੀ ਤਿੰਨ ਸਾਲ ਦੀ ਟ੍ਰੇਨਿੰਗ ਆਈ ਐਮ ਏ ਦੇਹਰਾਦੂਨ ਵਿਖੇ ਹੋਵੇਗੀ ਉਸ ਨੇ ਮਾਣ ਸਨਮਾਨ ਦੇਣ ਲਈ ਪਿੰਡ ਵਾਸੀਆਂ ਅਤੇ ਪਰਿਵਾਰਿਕ ਮੈਂਬਰਾਂ ਦਾ ਧੰਨਵਾਦ ਕੀਤਾ ਇਸ ਮੌਕੇ ਇੰਦਰਜੀਤ ਸਿੰਘ ਦੇ ਦਾਦਾ ਲਾਲ ਸਿੰਘ , ਦਾਦੀ ਅਮਰ ਕੌਰ , ਤਾਇਆ ਜੈਰਾਮ ਸਿੰਘ , ਨਿਰਮਲ ਸਿੰਘ, ਜਰਨੈਲ ਸਿੰਘ , ਨਾਨੀ ਨਛੱਤਰ ਕੌਰ, ਮੇਜਰ ਸਿੰਘ ਬੀ ਪੀ ਈ ਉ ਬਲਾਕ ਬਾਬਰ ਪੁਰ, ਕ੍ਰਿਸ਼ਨ ਰਾਣੀ ਡਾਇਰੈਕਟਰ ਅਲਮਾ ਕਿਡਜ਼ ਸਕੂਲ ਨਾਭਾ, ਜਸਪਾਲ ਸਿੰਘ ਵਜੀਦਪੁਰ , ਕੁਲਦੀਪ ਸਿੰਘ ਮਾਮਾ , ਮਨਪ੍ਰੀਤ ਸਿੰਘ , ਲਖਵੀਰ ਸਿੰਘ, ਸੁਖਜੀਵਨ ਸਿੰਘ, ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ , ਗੁਰਜਿੰਦਰ ਸਿੰਘ, ਹਰਮਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੋਜੂਦ ਸਨ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪਿੰਡ ਕਕਰਾਲਾ ( ਨਾਭਾ) ਦੀ ਪੰਚਾਇਤੀ ਰਿਜ਼ਰਵ ਜਮੀਨ ਵਿੱਚ ਪੱਕਾ ਮੋਰਚਾ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਨਾਭਾ ( ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ)ਪਿੰਡ ਕਕਰਾਲਾ ਵਿਚ ਜਿਥੇ ਆਮ ਪਿੰਡਾਂ ਦੀਆਂ ਪੰਚਾਇਤੀ ਬੋਲੀਆਂ ਰੱਦ ਕੀਤੀਆਂ ਜਾ ਰਹੀਆਂ ਸਨ। ਉਥੇ ਡੀ ਡੀ ਪੀ ਓ ਪਟਿਆਲਾ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾਕੇ ਪੰਚਾਇਤੀ ਰਿਜ਼ਰਵ ਦੀ ਬੋਲੀ ਕੀਤੀ ਗਈ। ਜਿਸ ਦੇ ਖ਼ਿਲਾਫ਼ ਲੋਕਾਂ ਵੱਲੋਂ ਇਕੱਠੇ ਹੋ ਕੇ ਮਾਮਲਾ ਡੀ ਸੀ ਪਟਿਆਲਾ ਦੇ ਧਿਆਨ ਵਿੱਚ ਇਨਕੁਆਰੀ ਅਧੀਨ ਹੈ ।ਪਰ ਡੀ ਡੀ ਪੀ ਓ ਵੱਲੋਂ ਉਸ ਡੰਮੀ ਵਿਆਕਤੀ ਨੂੰ ਜ਼ਮੀਨ ਵਹਾਉਣ ਦੀ ਤਿਆਰੀ ਸੀ ਜਿਸ ਖਿਲਾਫ ਲੋਕਾਂ ਨੇ ਇਕੱਠੇ ਹੋ ਕੇ ਆਪਣੀ ਜ਼ਮੀਨ ਬਚਾਉਣ ਲਈ ਲਾਇਆ ਜ਼ਮੀਨ ਵਿੱਚ ਪੱਕਾ ਮੋਰਚਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਸਕੱਤਰ ਗੁਰਵਿੰਦਰ ਬੌੜਾਂ ਅਤੇ ਇਕਾਈ ਆਗੂ ਜਗਜੀਤ ਸਿੰਘ ਜੱਗੀ, ਚਰਨਜੀਤ ਕੌਰ,ਕਿਰਨ ਕੌਰ ਨੇ ਕਿਹਾ ਕਿ ਪਿੰਡ ਕਕਰਾਲਾ ਦੇ ਐਸਸੀ ਭਾਈਚਾਰੇ ਨਾਲ ਸੰਬੰਧਿਤ ਲਗਭਗ150 ਪਰਿਵਾਰ ਇਸ ਜਮੀਨ ਵਿੱਚ ਹਰਾ ਚਾਰਾ ਬੀਜ ਕੇ ਆਪਣੇ ਡੰਗਰ ਪਸੂ ਪਾਲਦੇ ਸਨ ।ਪਰ ਪਿਛਲੇ ਦਿਨੀ ਡੀ ਡੀ ਪੀ ਓ ਪਟਿਆਲਾ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾਕੇ ਕੇ ਪੰਚਾਇਤੀ ਰਿਜਰਵ ਜਮੀਨ ਦੀ ਬੋਲੀ ਇੱਕ ਡੰਮੀ ਬੰਦੇ ਦੇ ਨਾਮ ਕਰ ਦਿੱਤੀ ਗਈ। ਜਿਸ ਦੇ ਖ਼ਿਲਾਫ਼ ਲੋਕਾਂ ਵੱਲੋਂ ਭਾਰੀ ਰੋਸ ਜ਼ਾਹਿਰ ਕਰਦੇ ਹੋਏ ਸੈਂਕੜੇ ਲੋਕ ਇਕੱਠੇ ਹੋ ਕੇ ਡੀਸੀ ਪਟਿਆਲਾ ਦੇ ਗੇਟ ਅੱਗੇ ਪਹੁੰਚੇ। ਮਾਮਲਾ ਡੀ ਸੀ ਪਟਿਆਲਾ ਦੀ ਇਨਕੁਆਰੀ ਅਧੀਨ ਹੈ ਅਤੇ ਡੀਸੀ ਪਟਿਆਲਾ ਦੇ ਕਹਿਣ ਤੇ ਕਮੇਟੀ ਆਗੂਆਂ ਵੱਲੋਂ ਡੀ ਡੀ ਪੀ ਓ ਨੂੰ ਮਿਲਿਆ ਗਿਆ। ਡੀ ਡੀ ਪੀ ਨੇ ਜ਼ਮੀਨ ਦੇ ਪੈਸੇ ਭਰਾਉਣ ਅਤੇ ਵਾਹੀ ਰੋਕਣ ਦਾ ਵਾਅਦਾ ਕੀਤਾ। ਪਰ ਕੁਝ ਦਿਨਾਂ ਤੋਂ ਬਾਅਦ ਹੀ ਉਸ ਡੰਮੀ ਵਿਆਕਤੀ ਤੋਂ ਪੈਸੇ ਭਰਾਕੇ ਪਿਛਲੀ ਰਾਤ ਉਸ ਤੋਂ ਜ਼ਮੀਨ ਵਿੱਚ ਪਾਣੀ ਛਡਾਇਆ ਗਿਆ ਅਤੇ ਜ਼ਮੀਨ ਵਹਾਉਣ ਦੀ ਤਿਆਰੀ ਕੀਤੀ ਗਈ। ਲੋਕਾਂ ਨੂੰ ਇਸਦੀ ਭਿਣਕ ਲੱਗਣ ਤੇ ਲੋਕ ਇਕੱਠੇ ਹੋ ਕੇ ਜ਼ਮੀਨ ਬਚਾਉਣ ਲਈ ਜ਼ਮੀਨ ਵਿਚ ਪੱਕਾ ਮੋਰਚਾ ਲਾ ਕੇ ਬੈਠ ਗਏ ਅਤੇ ਮੰਗ ਕਰ ਰਹੇ ਹਨ ਕਿ ਕਾਨੂੰਨ ਦੀਆਂ ਧੱਜੀਆਂ ਉਡਾਕੇ ਕੀਤੀ ਬੋਲੀ ਰੱਦ ਕਰ ਕੇ ਲੋਕਾਂ ਨੂੰ ਜ਼ਮੀਨ ਬਾਜਵ ਰੇਟ ਤੇ ਦਿੱਤੀ ਜਾਵੇ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਅਗਰ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ ਉਪਰੋਕਤ ਤੋਂ ਇਲਾਵਾ ਗੱਗੀ ਸਿੰਘ, ਸੁਖਵਿੰਦਰ ਕੌਰ, ਚਰਨਜੀਤ ਕੌਰ, ਸੁੱਖੀ ਸਿੰਘ ਆਦਿ ਬਹੁਤ ਸਾਰੇ ਲੋਕ ਮੋਰਚੇ ਵਿਚ ਹਾਜ਼ਰ ਸਨ। ਜਾਰੀ ਕਰਤਾ

# ਸਿਮਰਜੀਤ ਸਿੰਘ ਗੰਡਿਆਂ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਮਿਸ਼ਨ ਟੀਮ ਵੱਲੋਂ ਬਹੁਤ ਬਹੁਤ ਮੁਬਾਰਕਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਸਿਮਰਨਜੀਤ ਸਿੰਘ ਗੰਡਿਆਂ (ਖੇੜੀ ਗੰਡਿਆਂ ਦੀ ਅਗਵਾਈ ਵਿੱਚ ਕੱਲ ਬਹੁਤ ਭਰਮੀ ਮੀਟਿੰਗ ਕੀਤੀ ਗਈ ਜਿਸ ਵਿੱਚ ਉਹਨਾਂ ਦੀ ਟੀਮ ਦਾ ਸਿਮਰਜੀਤ ਸਿੰਘ ਗੰਡਿਆਂ (ਖੇੜੀ ਗੰਡਿਆਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੂੰ ਘਨੌਰ ਹਲਕੇ ਦੀ ਕਮਾਨ ਉਹਨਾਂ ਦੇ ਮੋਢਿਆਂ ਤੇ ਸੌਂਪੀ ਹੈ ਉਹਨਾਂ ਨੂੰ ਹਲਕਾ ਘਨੌਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸਿਮਰਜੀਤ ਸਿੰਘ ਗੰਡਿਆਂ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਮਿਸ਼ਨ ਟੀਮ ਵੱਲੋਂ ਬਹੁਤ ਬਹੁਤ ਮੁਬਾਰਕਾਂ ਇਸ ਮੌਕੇ ਤੇ ਗੁਰਜੰਟ ਸਿੰਘ ਲਾਡੀ ਚੇਅਰਮੈਨ ਨੇ ਵਿਸ਼ਵਾਸ ਦਿਵਾਇਆ ਕਿ ਸਮਾਜ ਦੀ ਕਿਤੇ ਪਿੱਠ ਨਹੀਂ ਲਗਣ ਦਿਆਂਗੇ ਉਹਨਾਂ ਦੇ ਨਾਲ ਹਰ ਟਾਈਮ ਉਹਨਾਂ ਦਾ ਸਾਥ ਦਿੱਤਾ ਜਾਵੇਗਾ ਇਸ ਮੌਕੇ ਤੇ ਡਾਕਟਰ ਅੰਬੇਡਕਰ ਮਿਸ਼ਨ ਟੀਮ ਹਾਜ਼ਰ ਰਹੀ ਚੇਅਰਮੈਨ ਗੁਰਜੰਟ ਸਿੰਘ ਲਾਡੀ ਸੀਨੀਅਰ ਪ੍ਰਧਾਨ ਹੈਪੀ ਥੂਹਾ ਅਤੇ ਭਰਪੂਰ ਸਿੰਘ ਫੌਜੀ ਮੇਜਰ ਸਿੰਘ ਚਰਨਜੀਤ ਸਿੰਘ ਮਰਦਾਂਪੁਰ ਬਲਜੀਤ ਸਿੰਘ ਮਦਰਵ ਚਰੇੜੀ ਕੁਲਦੀਪ ਸਿੰਘ ਹਰਪਾਲਪੁਰ ਹੋਰ ਸਾਰੇ ਮੈਂਬਰ ਸਾਹਿਬਾਨ ਪ੍ਰਧਾਨ ਹਾਜ਼ਰ ਰਹੇ ਅੰਬੇਡਕਰ ਮਿਸ਼ਨ ਟੀਮ ਨੂੰ ਬਹੁਤ ਭਰਮਾ ਹੁੰਗਾਰਾ ਮਿਲ ਰਿਹਾ ਹੈ ਘਨੌਰ ਹਲਕੇ ਦੇ ਵਿੱਚ ਜੈ ਭੀਮ ਜੈ ਭਾਰਤ ਜੈ ਸੰਵਿਧਾਨ

# ਸੰਤ ਨਿਰੰਕਾਰੀ ਮਿਸ਼ਨ ਵੱਲੋਂ 'ਪਲਾਸਟਿਕ ਪ੍ਰਦੂਸ਼ਣ ਖ਼ਤਮ ਕਰੋ' ਵਿਸ਼ੇ 'ਤੇ ਵਿਸ਼ਾਲ ਰੁੱਖ ਲਗਾਉਣ ਅਤੇ ਸਫਾਈ ਮੁਹਿੰਮ*

## ਕੁਦਰਤ ਪਰਮਾਤਮਾ ਦਾ ਅਨਮੋਲ ਤੋਹਫ਼ਾ ਹੈ, ਇਸਦੀ ਸੁਰੱਖਿਆ ਸਾਡੀ ਜ਼ਿੰਮੇਵਾਰੀ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਸਰਹਿੰਦ / ਦਿੱਲੀ : 2 ਜੂਨ, 2025:-* ਕੁਦਰਤ ਹਮੇਸ਼ਾ ਮਨੁੱਖੀ ਜੀਵਨ ਦੀ ਸਾਥੀ ਰਹੀ ਹੈ, ਇਸਦੀ ਛਾਂ ਹੇਠ ਸੱਭਿਅਤਾਵਾਂ ਨੇ ਰੂਪ ਧਾਰਿਆ, ਸੱਭਿਆਚਾਰ ਵਧੇ-ਫੁੱਲੇ ਅਤੇ ਜੀਵਨ ਦਾ ਵਿਕਾਸ ਹੁੰਦਾ ਰਿਹਾ। ਪਰ ਜਦੋਂ ਮਨੁੱਖੀ ਸਵਾਰਥ ਸੰਤੁਲਨ ਦੀਆਂ ਸੀਮਾਵਾਂ ਨੂੰ ਪਾਰ ਕਰ ਗਿਆ, ਤਾਂ ਇਸ ਜੀਵਨ ਦੇਣ ਵਾਲੀ ਕੁਦਰਤ ਨੂੰ ਨੁਕਸਾਨ ਪਹੁੰਚਾਉਣਾ ਪਿਆ। ਮਨੁੱਖ ਸ਼ਾਇਦ ਭੁੱਲ ਜਾਂਦਾ ਹੈ ਕਿ ਉਹ ਖੁਦ ਵੀ ਇਸ ਕੁਦਰਤ ਦਾ ਹਿੱਸਾ ਹੈ। ਅੱਜ, ਵਾਤਾਵਰਣ ਸੰਕਟ ਦੀ ਗੂੰਜ ਵਿਸ਼ਵ ਚੇਤਨਾ ਨੂੰ ਹਿਲਾ ਰਹੀ ਹੈ ਅਤੇ ਇਸ ਭਾਵਨਾ ਦੇ ਤਹਿਤ, ਸੰਯੁਕਤ ਰਾਸ਼ਟਰ ਦੁਆਰਾ ਹਰ ਸਾਲ 5 ਜੂਨ ਨੂੰ 'ਵਿਸ਼ਵ ਵਾਤਾਵਰਣ ਦਿਵਸ' ਦਾ ਆਯੋਜਨ ਕੀਤਾ ਜਾਂਦਾ ਹੈ।

ਇਸ ਵਿਸ਼ਵਵਿਆਪੀ ਪਹਿਲ ਤੋਂ ਪ੍ਰੇਰਿਤ ਹੋ ਕੇ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ, ਸੰਤ ਨਿਰੰਕਾਰੀ ਮਿਸ਼ਨ ਦੀ ਸਮਾਜਿਕ ਸ਼ਾਖਾ, ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਦੂਰਦਰਸ਼ੀ ਅਤੇ ਲੋਕ ਭਲਾਈ ਅਗਵਾਈ ਹੇਠ, 5 ਜੂਨ ਨੂੰ ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਦੇਸ਼ ਭਰ ਦੇ 18 ਪ੍ਰਮੁੱਖ ਪਹਾੜੀ ਸੈਰ-ਸਪਾਟਾ ਸਥਾਨਾਂ 'ਤੇ ਇੱਕ ਵਿਸ਼ਾਲ ਰੁੱਖ ਲਗਾਉਣ ਅਤੇ ਸਫਾਈ ਮੁਹਿੰਮ ਦਾ ਆਯੋਜਨ ਕਰ ਰਹੀ ਹੈ, ਜੋ ਕਿ ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ 'ਪਲਾਸਟਿਕ ਪ੍ਰਦੂਸ਼ਣ ਨੂੰ ਖ਼ਤਮ ਕਰੋ' ਥੀਮ 'ਤੇ ਕੇਂਦਰਿਤ ਹੈ। ਇਹ ਯਤਨ ਨਾ ਸਿਰਫ ਇੱਕ ਸਾਫ਼, ਹਰੇ ਅਤੇ ਸੰਤੁਲਿਤ ਵਾਤਾਵਰਣ ਵੱਲ ਇੱਕ ਮਜ਼ਬੂਤ ਕਦਮ ਹੈ, ਬਲਕਿ ਇਹ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਕੁਦਰਤ ਪ੍ਰਤੀ ਸੰਵੇਦਨਸ਼ੀਲ ਬਣਾਉਣ ਅਤੇ ਸੰਭਾਲ ਦੀ ਭਾਵਨਾ ਨੂੰ ਅਮਲ ਵਿੱਚ ਲਿਆਉਣ ਲਈ ਇੱਕ ਪ੍ਰੇਰਨਾਦਾਇਕ ਪਹਿਲ ਵੀ ਹੈ। ਇੱਕ ਮੁਹਿੰਮ ਜੋ ਸੇਵਾ, ਸਦਭਾਵਨਾ ਅਤੇ ਚੌਕਸੀ ਨੂੰ ਜਨਤਕ ਜਾਗਰੂਕਤਾ ਨਾਲ ਜੋੜਦੀ ਹੈ।

ਜਾਣਕਾਰੀ ਦਿੰਦੇ ਹੋਏ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਸਕੱਤਰ ਸ਼੍ਰੀ ਜੋਗਿੰਦਰ ਸੁਖੀਜਾ ਨੇ ਕਿਹਾ ਕਿ ਮਿਸ਼ਨ ਸਾਲ 2014 ਤੋਂ ਸੰਯੁਕਤ ਰਾਸ਼ਟਰ ਦੇ 'ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ' ਦੇ ਥੀਮ 'ਤੇ 'ਵਿਸ਼ਵ ਵਾਤਾਵਰਣ ਦਿਵਸ' ਦਾ ਆਯੋਜਨ ਕਰ ਰਿਹਾ ਹੈ। ਇਹ ਇੱਕ ਦਿਨ ਦਾ ਪ੍ਰੋਗਰਾਮ ਨਹੀਂ ਹੈ, ਸਗੋਂ ਇੱਕ ਨਿਰੰਤਰ ਜਨਤਕ ਜਾਗਰੂਕਤਾ ਮੁਹਿੰਮ ਹੈ ਜੋ ਕੁਦਰਤ ਅਤੇ ਮਨੁੱਖਤਾ ਵਿਚਕਾਰ ਸੁਮੇਲ ਵਾਲੇ ਸਬੰਧਾਂ ਨੂੰ ਮੁੜ ਮਜ਼ਬੂਤ ਬਣਾਉਂਦੀ ਹੈ।

ਇਸ ਮੈਗਾ ਮੁਹਿੰਮ ਦੇ ਤਹਿਤ, ਦੇਸ਼ ਦੇ ਵਿਭਿੰਨ ਕੁਦਰਤੀ ਸੁੰਦਰਤਾ ਨਾਲ ਭਰੇ 18 ਪ੍ਰਮੁੱਖ ਪਹਾੜੀ ਅਤੇ ਸੈਲਾਨੀ ਸਥਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਉੱਤਰਾਖੰਡ ਦੇ ਮਸੂਰੀ, ਰਿਸ਼ੀਕੇਸ਼, ਲੈਂਸਡਾਊਨ, ਨੈਨੀਤਾਲ, ਚੱਕਰਤਾ ਅਤੇ ਭਵਾਲੀ ਸ਼ਾਮਲ ਹਨ; ਹਿਮਾਚਲ ਪ੍ਰਦੇਸ਼ ਦਾ ਸ਼ਿਮਲਾ, ਮਨਾਲੀ ਅਤੇ ਧਰਮਸ਼ਾਲਾ; ਗੁਜਰਾਤ ਦਾ ਸਪੂਤਾਰਾ; ਮਹਾਰਾਸ਼ਟਰ ਦਾ ਮਹਾਬਲੇਸ਼ਵਰ, ਪੰਚਗਨੀ, ਖੰਡਾਲਾ, ਲੋਨਾਵਾਲਾ, ਪੰਹਾਲਾ ਅਤੇ ਸੋਮੇਸ਼ਵਰ; ਸਿੱਕਮ ਦਾ ਗੀਜ਼ਿੰਗ ਅਤੇ ਕਰਨਾਟਕ ਦੀਆਂ ਸੁੰਦਰ ਨੰਦੀ ਪਹਾੜੀਆਂ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਯੋਗ ਹਨ। ਇਹ ਸਥਾਨ ਨਾ ਸਿਰਫ਼ ਕੁਦਰਤ ਦੀ ਗੋਦ ਵਿੱਚ ਸਥਿਤ ਹਨ, ਸਗੋਂ ਵਾਤਾਵਰਣ ਜਾਗਰੂਕਤਾ ਲਈ ਸਮਰਪਿਤ ਅਜਿਹੇ ਕੇਂਦਰ ਬਿੰਦੂ ਬਣ ਰਹੇ ਹਨ ਜਿੱਥੇ ਨਿਰਸਵਾਰਥ ਸੇਵਾ ਅਤੇ ਭਾਗੀਦਾਰੀ ਨੂੰ ਇਕੱਠੇ ਸਾਕਾਰ ਕੀਤਾ ਜਾ ਰਿਹਾ ਹੈ।

ਇਸ ਮੌਕੇ 'ਤੇ, ਮਿਸ਼ਨ ਦੇ ਵਲੰਟੀਅਰ, ਸੇਵਾਦਲ ਮੈਂਬਰ, ਸ਼ਰਧਾਲੂ ਅਤੇ ਸਥਾਨਕ ਨਾਗਰਿਕ ਇੱਕਜੁੱਟ ਹੋ ਕੇ ਪ੍ਰਾਰਥਨਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕਰਨਗੇ। ਇਸ ਤੋਂ ਬਾਅਦ, ਨੌਜਵਾਨ ਵਲੰਟੀਅਰ ਨੁੱਕੜ ਨਾਟਕਾਂ, ਸੱਭਿਆਚਾਰਕ ਪੇਸ਼ਕਾਰੀਆਂ ਅਤੇ ਰਚਨਾਤਮਕ ਸੰਦੇਸ਼ਾਂ ਰਾਹੀਂ ਪਲਾਸਟਿਕ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਅਤੇ ਹੱਲਾਂ ਬਾਰੇ ਜਾਗਰੂਕਤਾ ਫੈਲਾਉਣਗੇ। ਵਾਤਾਵਰਣ ਸੁਰੱਖਿਆ ਨਾਲ ਸਬੰਧਤ ਤਖ਼ਤੀਆਂ ਅਤੇ ਬੈਨਰਾਂ ਵਾਲੀ ਮਨੁੱਖੀ ਲੜੀ ਬਣਾ ਕੇ ਸਮਾਜ ਨੂੰ ਪ੍ਰੇਰਿਤ ਕੀਤਾ ਜਾਵੇਗਾ।

ਇਸ ਵਿਸ਼ਵ ਵਾਤਾਵਰਣ ਦਿਵਸ 'ਤੇ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦਾ ਇਹ ਸਮਰਪਿਤ ਯਤਨ ਇੱਕ ਸਾਰਥਕ ਸੰਦੇਸ਼ ਦਿੰਦਾ ਹੈ, ਆਓ ਇਕੱਠੇ ਵਾਤਾਵਰਣ ਦੀ ਰੱਖਿਆ ਕਰੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼, ਸੁੰਦਰ ਅਤੇ ਸੰਤੁਲਿਤ ਧਰਤੀ ਬਣਾਈਏ।

# ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਨ ਲਈ ਸਕੂਲ ਵਿੱਚ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਜ਼ੀਰਾ 2 ਜੂਨ ( ਅੰਗਰੇਜ਼ ਬਰਾੜ ) - ਮਾਨਯੋਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਨਯੋਗ ਸ਼੍ਰੀ ਰਜੇਸ਼ ਕੁਮਾਰ ਸਟੇਟ ਅਵਾਰਡੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ , ਪ੍ਰਿੰਸੀਪਲ ਮੈਡਮ ਪਰਮਜੀਤ ਕੌਰ (ਪੀ ਐਮ ਸ੍ਰੀ ਸ ਸ ਸ ਸ ਧੁੱਪਸੜੀ ਅਤੇ ਬੀ ਐੱਨ ਓ ਬਟਾਲਾ -2), ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ (ਪ੍ਰਿੰਸੀਪਲ ਪੀ ਐਮ ਸ੍ਰੀ ਸ ਕੰ ਸ ਕੈਂਪ ਲੜਕੀਆਂ ) ਦੀ ਯੋਗ ਅਗਵਾਈ ਹੇਠ ਸਮੇਂ ਸਮੇਂ ਵਿਦਿਆਰਥੀਆਂ ਅੰਦਰ ਨਵੇਂ ਹੁਨਰ ਨੂੰ ਲੱਭਣ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਵਿੱਚੋਂ ਇੱਕੋ ਉਪਰਾਲਾ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਅੰਦਰ ਸਾਹਿਤਿਕ ਰੁਝਾਨ ਵਧਾਉਣਾ ਵੀ ਹੈ। ਜਿਸ ਵਿੱਚ ਵੀ ਵਿਦਿਆਰਥੀ ਕਲਾ ਹੁਨਰ ਪ੍ਰੋਗਰਾਮ, ਸਮਰ ਕੈਂਪ, ਵਾਤਾਵਰਣ ਸੰਭਾਲ, ਯੁੱਧ ਨਸ਼ਿਆਂ ਵਿਰੁੱਧ, ਆਦਿ ਹਨ। ਪਿਛਲੇ ਦਿਨੀ ਸਰਕਾਰੀ ਮਿਡਲ ਸਕੂਲ ਕੈਂਪ ਲੜਕੇ ਬਟਾਲਾ ਗੁਰਦਾਸਪੁਰ ਵਿਖੇ ਇਸੇ ਲੜੀ ਤਹਿਤ ਸਕੂਲ ਵਿੱਚ ਵਿਸ਼ਵ ਪ੍ਰਸਿੱਧ ਸਾਹਿਤਕਾਰ ਦੀ ਫੇਰੀ ਕਰਵਾਈ ਗਈ। ਵਿਸ਼ਵ ਪ੍ਰਸਿੱਧ ਸਾਹਿਤਕਾਰ ਮੈਡਮ ਸਤਿੰਦਰ ਕੌਰ ਕਾਹਲੋਂ ਦੀ ਫੇਰੀ ਇੱਕ ਯਾਦਗਾਰ ਫੇਰੀ ਰਹੀ। ਜਿਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਸਾਹਿਤ ਦੀਆਂ ਬਰੀਕੀਆਂ ਦੱਸੀਆਂ। ਉਨ੍ਹਾਂ ਨੇ ਵਿਦਿਆਰਥੀ ਪ੍ਰੋਜੈਕਟ ਜੋ ਕਿ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸਰਦਾਰ ਸੁਖੀ ਬਾਠ ਵੱਲੋਂ ਉਲੀਕਿਆ ਗਿਆ ਹੈ ਬਾਰੇ ਦੱਸਿਆ। ਸਕੂਲ ਇੰਚਾਰਜ ਮੈਡਮ ਰਣਜੀਤ ਕੌਰ ਬਾਜਵਾ ਨੇ ਇਸ ਫੇਰੀ ਨੂੰ ਇੱਕ ਬਹੁਤ ਹੀ ਮਹੱਤਵਪੂਰਨ ਫੇਰੀ ਦੱਸਿਆ। ਉਹਨਾਂ ਦੱਸਿਆ ਕਿ ਇਸ ਨਾਲ ਵਿਦਿਆਰਥੀਆਂ ਅੰਦਰ ਉਤਸ਼ਾਹ ਵਧਿਆ ਹੈ ਅਤੇ ਉਹ ਅੱਗੇ ਨਾਲੋਂ ਹੋਰ ਵੀ ਵਧੀਆ ਲਿਖਣ ਲੱਗ ਪਏ ਹਨ। ਇਸ ਮੌਕੇ ਉਹਨਾਂ ਨੇ ਮੈਡਮ ਸਤਿੰਦਰ ਕੌਰ ਕਾਹਲੋਂ ਦਾ ਧੰਨਵਾਦ ਕੀਤਾ।ਸਮੂਹ ਸਟਾਫ਼ ਵੱਲੋਂ ਮੈਡਮ ਸਤਿੰਦਰ ਕੌਰ ਕਾਹਲੋਂ ਸਟੇਟ ਅਵਾਰਡੀ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ਼ ਮੈਡਮ ਗੁਰਜਿੰਦਰ ਕੌਰ, ਮੈਡਮ ਅੰਜੂ, ਵਿਜੈ ਕੁਮਾਰ, ਮੈਡਮ ਸਰਬਜੀਤ ਕੌਰ, ਮੈਡਮ ਪ੍ਰਦੀਪ ਕੌਰ, ਮੈਡਮ ਸੁਜਾਤਾ ਆਦਿ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

# ਸਿੱਖ ਜਗਤ ਲਈ ਸੋਚਣ ਦਾ ਵਿਸ਼ਾ : ਬਲਿਊ ਸਟਾਰ ਅਪ੍ਰੇਸ਼ਨ ਲਈ ਜ਼ਿੰਮੇਵਾਰ ਕੌਣ?

ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

ਸਰੀਰਕ ਜ਼ਖ਼ਮ ਸਮੇਂ ਦੇ ਬੀਤਣ ਨਾਲ ਰਿਸਣ ਤੋਂ ਹੱਟ ਜਾਂਦੇ ਹਨ, ਪ੍ਰੰਤੂ ਮਾਨਸਿਕ ਜ਼ਖ਼ਮ ਹਮੇਸ਼ਾ ਅੱਲੇ ਰਹਿੰਦੇ ਹਨ ਤੇ ਰਿਸਣ ਤੋਂ ਕਦੀਂ ਬੰਦ ਨਹੀਂ ਹੁੰਦੇ। ਜੇਕਰ ਸਰੀਰਕ ਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਜ਼ਖ਼ਮ ਹੋਣ ਤਾਂ ਫਿਰ ਉਨ੍ਹਾਂ ਦੇ ਰਿਸਣ ਦੇ ਬੰਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ 'ਤੇ ਭਾਰਤੀ ਫ਼ੌਜਾਂ ਵੱਲੋਂ ਕੀਤੇ ਗਏ ਬਲਿਊ ਸਟਾਰ ਅਪ੍ਰੇਸ਼ਨ ਦੇ ਨਾਮ ਦੇ ਅਤਿਅੰਤ ਦੁੱਖਦਾਈ ਕੀਤੇ ਨੂੰ ਹਮਲੇ ਨੂੰ ਭਾਵੇਂ 41 ਸਾਲ ਹੋ ਗਏ ਹਨ ਪ੍ਰੰਤੂ ਉਸਦੇ ਜ਼ਖ਼ਮ ਅਜੇ ਵੀ ਅੱਲੇ ਹੀ ਹਨ, ਰਿਸਦੇ ਹਨ ਤੇ ਹਮੇਸ਼ਾ ਰਿਸਦੇ ਵੀ ਰਹਿਣਗੇ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੀ ਹਮਲੇ ਨੂੰ ਭੁੱਲ ਜਾਓ, ਪ੍ਰੰਤੂ ਕਹਿਣਾ ਸੌਖਾ ਹੈ, ਭੁੱਲਣਾ ਅਸੰਭਵ ਹੈ, ਜਿਸਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਵੀ ਭਾਰਤ ਦੀ ਉਸ ਫ਼ੌਜ ਵੱਲੋਂ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿੱਚ ਸਿੱਖ ਸ਼ਾਮਲ ਹੀ ਨਹੀਂ ਸਗੋ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੇ ਸਿੱਖ ਜਰਨੈਲ ਆਰ ਐਸ ਦਿਆਲ ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ਼ ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਏਥੇ ਹੀ ਬਸ ਨਹੀਂ ਦੇਸ਼ ਦੀਆਂ ਫ਼ੌਜਾਂ ਦੇ ਮੁੱਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਦੋਵੇਂ ਅੰਮ੍ਰਿਤਧਾਰੀ ਸਿੱਖ ਸਨ। ਫਿਰ ਸਰਕਾਰੀਤੰਤਰ ਵੱਲੋਂ ਬ੍ਰਿਤਾਂਤ ਇਹ ਸਿਰਜਿਆ ਗਿਆ ਕਿ ਇਸ ਕਾਰਵਾਈ ਦੇ ਜ਼ਿੰਮੇਵਾਰ ਇੱਕੋ-ਇੱਕ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤਾਂ ਸਿੱਖ ਧਰਮ ਦੇ ਪ੍ਰਚਾਰਕ ਸਨ। ਉਹ ਤਾਂ ਦਮਦਮੀ ਟਕਸਾਲ ਦੇ ਮੁੱਖੀ ਹੁੰਦੇ ਹੋਏ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਹ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਸਿਆਸਤਦਾਨ ਨਹੀਂ ਸਨ। ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪ੍ਰਕਾਸ਼ਤ ਕੀਤੇ 'ਵਾਈਟ ਪੇਪਰ' ਅਤੇ ਇੰਦਰਾ ਗਾਂਧੀ ਵੱਲੋਂ ਦੋ ਜੂਨ 1984 ਨੂੰ ਰੇਡੀਓ ਦੇ ਦਿੱਤੇ ਗਏ ਭਾਸ਼ਣ ਵਿੱਚ ਕਿਹਾ ਗਿਆ ਹੈ। ਇੰਦਰਾ ਗਾਂਧੀ ਨੇ ਸੰਸਦ ਵਿੱਚ ਹੋਈ ਡੀਬੇਟ ਵਿੱਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖੁਦ ਹੈ ਕਿਉਂਕਿ ਹਰ ਮੀਟਿੰਗ ਵਿੱਚ ਉਹ ਨਵੀਂ ਮੰਗ ਰੱਖ ਦਿੰਦੇ ਸਨ। ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਖਾਸ ਤੌਰ 'ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿੱਚ ਆਉਂਦੀ ਰਹੀ। ਇਹ ਸਾਰਾ ਕੁਝ ਨੈਟ 'ਤੇ ਪਿਆ ਹੈ ਤੇ ਰਹਿੰਦੀ ਦੁਨੀਆਂ ਤੱਕ ਪਿਆ ਰਹੇਗਾ। ਜਦੋਂ ਵੀ ਕੋਈ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਜਾਨਣ ਲਈ ਨੈਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਸਿੱਖ ਬਦਨਾਮ ਹੁੰਦੇ ਰਹਿਣਗੇ। ਇਸ ਸਾਰੇ ਕੁਝ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ, ਕਿਸੇ ਨੇ ਵੀ ਇਸ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ

ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਿਵੇਂ ਪਹੁੰਚੇ? ਜਨਰਲ ਸ਼ੁਬੇਗ ਸਿੰਘ ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨਾ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿੱਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਜ਼ਰੂਰੀ ਸੀ। ਇਹ ਵੀ ਕਿਹਾ ਜਾਂਦਾ ਹੈ, ਜੇ ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਾ ਜਾਂਦੇ ਤਾਂ ਫ਼ੌਜੀ ਕਾਰਵਾਈ ਨਹੀਂ ਹੋਣੀ ਸੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੀ ਖ਼ਾਨਾਂਜੰਗੀ ਕਰਕੇ ਉਨ੍ਹਾਂ ਨੂੰ ਉਥੇ ਲਿਜਾਇਆ ਗਿਆ ਸੀ, ਕਿਉਂਕਿ ਉਨ੍ਹਾਂ ਦੇ ਕੁਝ ਸਪੋਰਟਰਾਂ ਨੂੰ ਮਾਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾ ਸੰਸਾਰ ਵਿੱਚ ਅੱਜ ਤੱਕ ਕਿਸੇ ਵੀ ਦੇਸ਼ ਦੀ ਫ਼ੌਜ ਨੇ ਧਾਰਮਿਕ ਸਥਾਨ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਪਹਿਲਾਂ ਹੋਰ ਕੋਈ ਵਿਕਲਪ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਵਕਾਇਆ ਹਨ।

ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਗਏ ਸਨ। ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ, ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਜਗਤ ਵਿੱਚ ਹਰਮਨਪਿਆਰਤਾ ਵੱਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ, ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਨਾ ਹੋ ਜਾਣ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿੱਚ ਸਾਬਕਾਂ ਰਾਅ ਦੇ ਮੁੱਖੀ ਜੀ ਪੀ ਐਸ ਸਿੱਧੂ, ਪੀ ਸੀ ਅਲੈਗਜੈਂਡਰ, ਏ ਪੀ ਪਾਂਡੇ ਅਤੇ ਕੁਝ ਹੋਰ ਅਧਿਕਾਰੀਆਂ ਨੇ ਵੀ ਇਹੋ ਸੰਦੇਹ ਪ੍ਰਗਟ ਕੀਤਾ ਸੀ, ਜਦੋਂ ਕਿ ਇਸ ਵਿੱਚ ਕੋਈ ਸਚਾਈ ਨਹੀਂ ਸੀ। ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਗਾਈ ਜਾ ਰਿਹਾ ਸੀ। ਸਿਆਸਤਦਾਨ ਹਮੇਸ਼ਾ ਦੂਜਿਆਂ ਦੇ ਮੋਢਿਆਂ 'ਤੇ ਰੱਖਕੇ ਵਾਰ ਕਰਦੇ ਹਨ। ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਕਾਲਤ ਨਹੀਂ ਕਰ ਰਿਹਾ, ਪ੍ਰੰਤੂ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਕਿ ਉਹ ਕਿਸੇ ਧਰਮ ਦੇ ਵਿਰੁੱਧ ਉਕਸਾ ਰਹੇ ਹੋਣ। ਸੰਤ ਭਿੰਡਰਾਂਵਾਲਿਆਂ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ । ਉਨ੍ਹਾਂ ਨੇ ਕਦੀਂ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ, ਪ੍ਰੰਤੂ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ ਆਪਣੇ ਧਰਮ ਵਿੱਚ ਪਰਪੱਕ ਰਹਿਣ ਲਈ ਕਹਿੰਦੇ ਸਨ। ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿੱਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਅਖ਼ੀਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿੱਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ, ਪ੍ਰੰਤੂ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫ਼ੈਸਲਾ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇੱਕ ਵਾਰ ਤਾਂ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿੱਚ ਇਹ ਕਹਿੰਦੀ ਰਹੀ ਕਿ ਬਾਅਦ ਵਿੱਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ 1984 ਨੂੰ ਹੋਈ ਸੀ, ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ, ਇਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ ਬਲਿਊ ਸਟਾਰ ਅਪ੍ਰੇਸ਼ਨ ਦੀ ਤਿਆਰੀ ਕਰ ਰਹੀ ਸੀ। ਇਹ ਅਪ੍ਰੇਸ਼ਨ ਇੱਕ ਦਿਨ ਦਾ ਫ਼ੈਸਲਾ ਨਹੀਂ ਸੀ, ਲਗਪਗ ਇੱਕ ਸਾਲ ਤੋਂ ਤਿਆਰੀ ਕਰ ਰਹੇ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇਤਨੀ ਜਲਦੀ ਉਸਨੂੰ ਅੱਤਵਾਦੀ ਬਣਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਪੜਚੋਲ ਕਰਨੀ ਬਣਦੀ ਹੈ। ਅੱਜ ਤੱਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿੱਚੋਂ ਕੁਝ ਨੇਤਾ ਤਾਂ ਅੱਜ ਵੀ ਜਿਉਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿੱਚ ਪਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਰਹੇ ਸਨ। ਉਹ ਵੀ ਚੁੱਪ ਬੈਠੇ ਹਨ। ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ ਵਿੱਚ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇੱਕ ਖ਼ਤ ਇੱਕ ਅਖ਼ਬਾਰ ਦੇ ਸੰਪਾਦਕ ਭਰਪੁਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ 'ਤੇ ਮਿਲਕੇ ਦੇ ਕੇ ਦਿੱਤਾ ਸੀ ਤੇ ਫਿਰ ਇੰਦਰਾ ਗਾਂਧੀ ਨੇ ਉਸ ਖਤ ਦਾ ਜਵਾਬ ਭਰਪੁਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਸੰਤਾਂ ਨੂੰ ਭਿਜਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਸੰਤ ਜਰਨੈਲ ਸਿੰਘ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਨਿਸਚਤ ਹੋ ਗਈ ਸੀ, ਪ੍ਰੰਤੂ ਐਨ ਮੌਕੇ 'ਤੇ ਕੁਝ ਵਿਅਕਤੀਆਂ ਨੇ ਅੜਿਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੰਜਾਬ ਦੇ ਹਾਲਾਤ ਠੀਕ ਕਰਨਾ ਚਾਹੁੰਦਾ ਸੀ, ਪ੍ਰੰਤੂ ਕੁਝ ਸਿਆਸਤਦਾਨ ਨਹੀਂ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੀਆਂ ਕੁਰਸੀਆਂ ਖਿਸਕਦੀਆਂ ਲੱਗਦੀਆਂ ਸਨ। ਸਾਰਾ ਦੋਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿਰ ਲਾਇਆ ਜਾਂਦਾ ਹੈ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ ਵਿੱਚੋਂ ਨਾ ਗੁਜਰਨਾ ਪੈਂਦਾ। ਸਿੱਖ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ ਦੂਜਿਆਂ 'ਤੇ ਇਲਜ਼ਾਮ ਲਗਾਈ ਜਾਂਦੇ ਹਨ। ਸਿੱਖਾਂ ਨੂੰ ਇੱਕਮੁਠ ਹੋ ਕੇ ਆਪਣੇ 'ਤੇ ਲੱਗੇ ਇਲਜ਼ਾਮ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਜੋ ਸੰਸਾਰ ਵਿੱਚ ਸਿੱਖਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ ਹੋ ਸਕੇ, ਪ੍ਰੰਤੂ ਇਹ ਤਾਂ ਕੁਰਸੀਆਂ ਪਿੱਛੇ ਹੀ ਲੜੀ ਜਾ ਰਹੇ ਹਨ

# ਬੱਸ ਅੱਡੇ 'ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ 'ਤੇ ਰੋਕ, ਸਿਹਤ ਵਿਭਾਗ ਦੀ ਸਖ਼ਤ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਸ੍ਰੀ ਕੀਰਤਪੁਰ ਸਾਹਿਬ (02 ਜੂਨ, 2025): ਸਿਹਤ ਵਿਭਾਗ ਦੀ ਟੀਮ ਨੇ ਬੱਸ ਅੱਡੇ 'ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਅਤੇ ਤੰਬਾਕੂ ਵਰਗੇ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਦੇ ਚਲਾਨ ਕੱਟ ਕੇ ਜੁਰਮਾਨਾ ਵਸੂਲ ਕੀਤਾ ਅਤੇ ਉਹਨਾਂ ਨੂੰ ਤੰਬਾਕੂ ਦੀ ਵਰਤੋਂ ਕਾਰਨ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ।

ਸੀਨੀਅਰ ਮੈਡੀਕਲ ਅਫ਼ਸਰ ਡਾ. ਜੰਗਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਕੀਤੀ ਗਈ ਇਸ ਕਾਰਵਾਈ ਦੌਰਾਨ 2 ਦਰਜਨ ਤੋਂ ਵੱਧ ਵਿਅਕਤੀਆਂ ਦੇ ਚਲਾਨ ਕੱਟੇ ਗਏ ਅਤੇ ਉਹਨਾਂ ਤੋਂ ਜੁਰਮਾਨਾ ਵੀ ਵਸੂਲ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਵੱਲੋਂ ਸਮੇਂ ਸਮੇਂ 'ਤੇ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਵੀ ਵੱਲੋਂ ਸਰਕਾਰੀ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਤੰਬਾਕੂ ਦੀ ਵਰਤੋਂ ਨਾਲ ਫੇਫੜਿਆਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ ਗਿਆ। ਉਹਨਾਂ ਨੂੰ ਦੱਸਿਆ ਗਿਆ ਕਿ ਇਸ ਨਾਲ ਸਰੀਰ ਦੀ ਰੋਗ ਪ੍ਰਤੀਰੋਧਕ ਸਮਰੱਥਾ ਤਾਂ ਘਟਦੀ ਹੀ ਹੈ ਸਗੋਂ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ ਇਸ ਕਰਕੇ ਤੰਬਾਕੂ ਦੇ ਸੇਵਨ ਤੋਂ ਬਚਣਾ ਚਾਹੀਦਾ ਹੈ। ਤੰਬਾਕੂ ਦਾ ਸੇਵਨ ਨਾ ਕਰਨ ਅਤੇ ਸਿਹਤਮੰਦ ਜੀਵਨਸ਼ੈਲੀ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਵੀ ਪਿੰਡ ਦੜੋਲੀ, ਦਸਗਰਾਈਂ, ਗੰਗੂਵਾਲ, ਮਹਿਰੌਲੀ, ਕਥੇੜਾ ਅਤੇ ਨੰਗਲੀ ਸਥਿਤ ਆਯੁਸ਼ਮਾਨ ਅਰੋਗਿਆ ਕੇਂਦਰ ਦੀ ਟੀਮ

ਬਲਾਕ ਐਕਸਟੈਨਸ਼ਨ ਅਜੂਕੇਟਰ ਰਤਿਕਾ ਉਬਰਾਏ ਨੇ ਦੱਸਿਆ ਕਿ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਵਾਲੀ ਟੀਮ ਵਿਚ ਐੱਸ. ਐੱਮ.ਆਈ ਸਿਕੰਦਰ ਸਿੰਘ,

# ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਵਿਖੇ ਸਮਰ ਕੈਂਪ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਬਰਨਾਲਾ, 2 ਜੂਨ () : ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਵਿਖੇ ਵਿਦਿਆਰਥੀਆਂ ਨੂੰ ਆਪਣੇ ਸਿਲੇਬਸ ਦੀਆਂ ਭਾਸ਼ਾਵਾਂ ਤੋਂ ਇਲਾਵਾ ਕਿਸੇ ਇੱਕ ਹੋਰ ਭਾਰਤੀ ਭਾਸ਼ਾ ਦੀ ਮੁੱਢਲੀ ਜਾਣਕਾਰੀ ਦੇਣ ਲਈ ਸੱਤ ਰੋਜ਼ਾ ਭਾਰਤੀ ਭਾਸ਼ਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਸਮਰ ਕੈਂਪ ਦੇ ਸਕੂਲ ਨੋਡਲ ਇੰਚਾਰਜ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਤਿੰਨ ਗਰੁੱਪਾਂ ਵਿੱਚ ਵੰਡ ਕੇ ਤੇਲਗੂ ਭਾਸ਼ਾ ਨਾਲ ਮੁੱਢਲੀ ਜਾਣ–ਪਹਿਚਾਣ ਕਰਵਾਉਣ ਲਈ 7 ਦਿਨਾਂ ਦੌਰਾਨ ਵੱਖ–ਵੱਖ ਕਿਰਿਆਵਾਂ ਕਰਵਾਈਆਂ ਗਈਆਂ। ਇਹਨਾਂ ਕਿਰਿਆਵਾਂ ਵਿੱਚ ਵਰਣਮਾਲਾ, ਗਿਣਤੀ, ਹਸਤਾਖਰ, ਕਲਾ, ਸੰਗੀਤ, ਚਿੱਤਰਕਾਰੀ, ਮਸਾਲਿਆਂ, ਫਲਾਂ ਤੇ ਸਬਜ਼ੀਆਂ ਦੇ ਤੇਲਗੂ ਭਾਸ਼ਾ ਵਿੱਚ ਨਾਮ, ਆਮ ਗੱਲਬਾਤ ਕਰਨ, ਚਾਰਟ ਬਣਾਉਣ, ਕੁਇਜ਼ ਮੁਕਾਬਲੇ ਅਤੇ ਹੋਰ ਕਿਰਿਆਵਾਂ ਸ਼ਾਮਲ ਸਨ। ਸਕੂਲ ਮੁਖੀ ਗੁਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਸਿਲੇਬਸ ਤੋਂ ਇਲਾਵਾ ਹੋਰ ਭਾਸ਼ਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਮੁਖੀ ਗੁਰਜੀਤ ਕੌਰ, ਪਰਗਟ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ, ਨਿਰਮਲ ਸਿੰਘ, ਚਿਰਜੋਤ ਸਿੰਘ ਅਤੇ ਹਰਜੀਤ ਸਿੰਘ ਜੇਗਾ ਸਮੇਤ ਸਮੂਹ ਵਿਦਿਆਰਥੀ ਮੌਜੂਦ ਸਨ।

ਐੱਚ.ਆਈ ਸੁਖਦੀਪ ਸਿੰਘ, ਮਲਟੀ ਪਰਪਜ਼ ਹੈਲਥ ਵਰਕਰ ਕੁਲਵਿੰਦਰ ਸਿੰਘ, ਵਰਿੰਦਰ ਸਿੰਘ, ਸੰਜੀਵ ਕੁਮਾਰ ਅਤੇ ਰਵਿੰਦਰ ਸਿੰਘ ਸ਼ਾਮਲ ਸਨ। ਸਕੂਲਾਂ ਅਤੇ ਆਯੁਸ਼ਮਾਨ ਅਰੋਗਿਆ ਕੇਂਦਰਾਂ 'ਤੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਵਿਚ ਸੀ.ਐੱਚ. ਓ ਅਨਜਨਾ, ਜਸਪ੍ਰੀਤ ਕੌਰ, ਗਗਨਦੀਪ ਕੌਰ,ਅਮਨਦੀਪ ਕੌਰ, ਰਵਨੀਤ ਕੌਰ, ਮਲਟੀਪਰਪਜ਼ ਹੈਲਥ ਵਰਕਰ ਅਜੈ ਅਤੇ ਬਲਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਮਿਡ ਡੇ ਮੀਲ ਤੇ ਸਫ਼ਾਈ ਵਰਕਰਜ ਯੂਨੀਅਨ ਆਜ਼ਾਦ ਨੇ ਕੀਤਾ ਰੋਸ ਪ੍ਰਦਰਸ਼ਨ,

## ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com





ਮਾਨਸਾ 2 ਜੂਨ (ਆਤਮਾ ਸਿੰਘ ਪਮਾਰ) ਮਿਡ ਡੇ ਮੀਲ ਅਤੇ ਸਫ਼ਾਈ ਵਰਕਰਜ ਯੂਨੀਅਨ ਵੱਲੋਂ ਸਥਾਨਕ ਕਚਹਿਰੀਆਂ ਵਿਖੇ ਆਪਣੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜੱਥੇਬੰਦੀ ਦੇ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਨੇ ਦੱਸਿਆ ਕਿ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈਆਂ ਮੀਟਿੰਗਾਂ ਦੌਰਾਨ 8000 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਅਪ੍ਰੈਲ 2024 ਤੋਂ ਦੇਣਾ ਪਾਸ ਹੋਇਆ ਸੀ।ਪਰ ਇੱਕ ਸਾਲ ਬੀਤਣ ਦੇ ਬਾਵਜੂਦ ਅਜੇ ਤੱਕ ਇਹ ਵਾਧਾ ਬੀਬੀਆਂ ਦੇ ਖਾਤੇ ਚ ਨਹੀਂ ਪਾਇਆ ਗਿਆ।ਜਿਸ ਕਾਰਨ ਡੀ.ਸੀ ਮਾਨਸਾ. ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ ਹੈ।ਇਸ ਮੌਕੇ ਕੁੱਕ ਬੀਬੀਆਂ ਨੇ ਆਪ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਮਜਦੂਰ ਮੁਕਤੀ ਮੋਰਚਾ ਅਜਾਦ ਪੰਜਾਬ ਦੇ ਜਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਕੱਚੇ ਕਾਮਿਆਂ ਨੂੰ ਪੱਕੇ ਕਰਨ ਅਤੇ ਸਰਕਾਰੀ ਸਕੂਲਾਂ ਵਿੱਚ ਮਿੱਡ ਡੇ ਮੀਲ ਸਕੀਮ ਤਹਿਤ ਬੱਚਿਆਂ ਲਈ ਖਾਣਾ ਬਣਾਉਣ ਦਾ ਕੰਮ ਕਰਨ ਵਾਲੀਆਂ ਹਜ਼ਾਰਾਂ ਕੁੱਕ ਬੀਬੀਆਂ ਦੀ ਤਨਖਾਹ 8000 ਰੁਪਏ ਪ੍ਰਤੀ ਮਹੀਨਾ ਕਰਨ ਦੇ ਕੀਤੇ ਵਾਅਦੇ ਵਫਾ ਨਹੀਂ ਹੋਏ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਸਿੱਖਿਆ ਕ੍ਰਾਂਤੀ ਦੇ ਨਾਮ ਹੇਠ ਫੋਕੀ ਮਸ਼ਹੂਰੀ ਤੇ ਅਰਬਾਂ ਰੁਪਏ ਖਰਚ ਕੀਤੇ ਜਾ ਰਹੇ ਹਨ।ਪਰ ਕਈ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਨ ਵਾਲੀਆਂ ਬੀਬੀਆਂ ਤਨਖਾਹ ਵਿੱਚ ਵਾਧੇ,ਪੱਕੇ ਹੋਣ ਦੀ ਉਮੀਦ ਲਾਈ ਬੈਠੀਆਂ ਕੁੱਕ ਬੀਬੀਆਂ ਸਿਰਫ 100 ਰੁਪਏ ਦਿਹਾੜੀ ‘ਤੇ ਹੀ ਕੰਮ ਕਰ ਰਹੀਆਂ ਹਨ।ਇਸ ਨਿਗੁਣੀ ਦਿਹਾੜੀ ਨਾਲ ਘਰ ਦਾ ਖਰਚਾ ਤਾਂ ਦੂਰ ਦੋ ਟਾਈਮ ਦੀ ਚਾਹ ਲਈ ਦੁੱਧ ਵੀ ਨਹੀਂ ਖਰੀਦਿਆ ਜਾ ਸਕਦਾ।ਉਨ੍ਹਾਂ ਕਿਹਾ ਕਿ ਆਪ ਦੀ ਮਾਨ ਸਰਕਾਰ ਪਿਛਲੀਆਂ ਸਰਕਾਰਾਂ ਤੋਂ ਵੀ ਨਖਿਧ ਸਾਬਤ ਹੋਈ ਹੈ।ਉਨ੍ਹਾਂ ਕਿਹਾ ਕਿ ਜੇਕਰ ਕੁੱਕ ਬੀਬੀਆਂ ਦੀ ਤਨਖਾਹ ਵਿਚ ਕੀਤਾ ਵਾਧਾ ਲਾਗੂ ਨਾਂ ਕੀਤਾ ਅਤੇ ਸਫਾਈ ਸੇਵਕਾਂ ਦੀ ਤਿੰਨ ਮਹੀਨਿਆਂ ਤੋਂ ਰਹਿੰਦੀ ਤਨਖਾਹ ਨਾ ਪਾਈ ਤਾਂ ਜਥੇਬੰਦੀ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਸਰਕਾਰ ਬਣਨ ਤੋਂ ਪਹਿਲਾਂ ਜਿਹੜਾ ਮੁੱਖ ਮੰਤਰੀ ਇਹ ਕਹਿੰਦਾ ਹੁੰਦਾ ਸੀ ਕਿ ਲੀਡਰਾਂ ਨੂੰ ਘੇਰ ਘੇਰ ਕੇ ਸਵਾਲ ਪੁੱਛੋ ਪਰ ਹੁਣ ਜਦੋਂ ਲੋਕ ਇਹਨਾਂ ਦੇ ਮੰਤਰੀਆਂ ਨੂੰ ਸਵਾਲ ਕਰਦੇ ਹਨ ਤਾਂ ਉਹਨਾਂ ਤੇ ਲਾਠੀਚਾਰਜ ਕੀਤਾ ਜਾਂਦਾ ਹੈ ਅਤੇ ਥਾਣਿਆਂ ਚ ਵੀ ਬੰਦ ਕੀਤਾ ਜਾਦਾਂ ਹੈ।ਇਸ ਸਮੇਂ ਜਸਵਿੰਦਰ ਕੌਰ ਗਾਮੀ ਵਾਲਾ,ਨਸੀਬ ਕੌਰ ਪੇਰੋਂ,ਗੁਰਦੇਵ ਕੌਰ ਰੱਲੀ,ਰਾਣੀ ਕੌਰ ਬੋਹਾ,ਸਲੋਚਨਾ ਦੇਵੀ ਬਹਾਦਰਪੁਰ,ਨੇ ਵੀ ਸੰਬੋਧਨ ਕੀਤਾ।

# ਨੈਤਿਕ ਸਿੱਖਿਆ ਦੇ ਇਮਤਿਹਾਨ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਦਾ ਸਨਮਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਸੰਗਰੂਰ,2 ਜੂਨ (ਜਗਸੀਰ ਲੌਂਗੋਵਾਲ) - ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਦੇ ਸੈਸ਼ਨ 2024-25 ਦੇ ਨੈਤਿਕ ਸਿੱਖਿਆ ਦੇ ਇਮਤਿਹਾਨ ਦੇ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਦੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ I ਇਸ ਸਨਮਾਨ ਸਮਾਰੋਹ ਵਿੱਚ ਸੁਖਬੀਰ ਸਿੰਘ ਸੁਪਰਵਾਇਜ਼ਰ ਸਤਨਾਮ ਸਰਬ ਕਲਿਆਣ ਟ੍ਰਸਟ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।ਇਸ ਸਮੇਂ ਪ੍ਰਿੰਸੀਪਲ ਸ਼੍ਰੀ ਵਿਜੈ ਪਲਾਹਾ ਨੇ ਦੱਸਿਆ ਕਿ ਸਾਲ 2024-25 ਦੇ ਵਿੱਚ ਹੋਏ ਨੈਤਿਕ ਸਿੱਖਿਆ ਦੇ ਇਮਤਿਹਾਨ ਵਿੱਚ *ਪਹਿਲੀ* ਜਮਾਤ ਦੇ ਗੁਰਮਿਨਾਜ ਕੌਰ, ਅਸੀਸ ਕੌਰ ਅਤੇ ਪ੍ਰਭਜੋਤ ਕੌਰ, *ਦੂਜੀ-ਏ* ਜਮਾਤ ਦੇ ਜਸਲੀਨ ਕੌਰ, ਸੁਖਮਨਦੀਪ ਕੌਰ ਅਤੇ ਜੈਸਮੀਨ ਕੌਰ, *ਦੂਜੀ-ਏ* ਜਮਾਤ ਦੇ ਸਹਿਜਪ੍ਰੀਤ ਸਿੰਘ, ਮਨਫਤਹਿ ਸਿੰਘ ਅਤੇ ਅੰਸ਼ੀ, *ਤੀਜੀ-ਏ* ਜਮਾਤ ਦੇ ਤਨਵੀਰ ਸਿੰਘ, ਹੁਸਨਪ੍ਰੀਤ ਸਿੰਘ ਅਤੇ ਗੁਰਦਰਸ਼ਨ ਸਿੰਘ, *ਤੀਜੀ-ਬੀ* ਜਮਾਤ ਦੇ ਹਰਜਪਲੀਨ ਕੌਰ, ਗੁਰਸਿਮਰਤ ਕੌਰ ਅਤੇ ਵਰੁਣਜੋਤ ਸਿੰਘ, *ਚੌਥੀ-ਏ* ਦੇ ਮਨਜੋਤ ਕੌਰ, ਹਰਨੂਰ ਕੌਰ ਅਤੇ ਤਰਨਦੀਪ ਸਿੰਘ *ਚੌਥੀ-ਬੀ* ਦੇ ਇਮਾਨਵੀਰ ਸਿੰਘ, ਗਗਨਪ੍ਰੀਤ ਕੌਰ ਅਤੇ ਸਹਿਜਵੀਰ ਸਿੰਘ, *ਪੰਜਵੀਂ-ਏ* ਦੇ ਤੇਜਵੀਰ ਸਿੰਘ, ਮਨਵੀਰ ਕੌਰ ਸਰਾਂ ਅਤੇ ਆਂਚਲਪ੍ਰੀਤ ਕੌਰ, *ਪੰਜਵੀਂ-ਬੀ* ਦੇ ਹਰਨੂਰ ਸਿੰਘ, ਅਮ੍ਰਿਤਪਾਲ ਸਿੰਘ ਅਤੇ ਜੈਗੁਰਦੇਵ ਸਿੰਘ, *ਛੇਵੀਂ-ਏ* ਦੇ ਰੋਬਿਨ, ਜਸਵੀਰ ਸਿੰਘ ਅਤੇ ਰਣਵੀਰ ਸਿੰਘ, *ਛੇਵੀਂ-ਬੀ* ਦੇ ਵਿਜੈ ਪ੍ਰਤਾਪ ਸਿੰਘ, ਤਰਨਦੀਪ ਸਿੰਘ ਅਤੇ ਜਤਿੰਦਰ ਸਿੰਘ, *ਛੇਵੀਂ* ਦੇ ਜਸਪ੍ਰੀਤ ਕੌਰ, ਮਾਨਤਦੀਪ ਕੌਰ ਅਤੇ ਖੁਸ਼ਪ੍ਰੀਤ ਕੌਰ, *ਸੱਤਵੀ* ਦੇ ਸਮਰਥ ਸਿੰਘ, ਜਸਕਰਨ ਸਿੰਘ ਅਤੇ ਮਨਰਾਜ ਸਿੰਘ *ਸੱਤਵੀਂ* ਗੁਰਸਿਫਤ ਸਿੰਘ, ਗੁਰਫਤਹਿ ਸਿੰਘ ਅਤੇ ਗੁਰਮਨ ਸਿੰਘ, *ਸੱਤਵੀਂ-ਸੀ* ਦੇ ਅਵਨੀਤ ਕੌਰ, ਹਰਪ੍ਰੀਤ ਕੌਰ ਅਤੇ ਸੁਖਮਨੀ ਕੌਰ, *ਅੱਠਵੀਂ-ਏ* ਦੇ ਹਰਜੋਤ ਸਿੰਘ, ਕਰਨਵੀਰ ਸਿੰਘ ਅਤੇ ਗੁਰਜੋਤ ਸਿੰਘ, *ਅੱਠਵੀਂ-ਬੀ* ਸਮਰਵੀਰ ਸਿੰਘ, ਕਰਨ ਅਤੇ ਸੁਖਵਿੰਦਰ ਸਿੰਘ, *ਅੱਠਵੀਂ-ਸੀ* ਗੁਰਲੀਨਪ੍ਰੀਤ ਕੌਰ, ਪ੍ਰਭਸਿਮਰਤ ਕੌਰ ਅਤੇ ਰਮਨਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸੁਪਰਵਾਈਜ਼ਰ ਸੁਖਵੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਜੇਤੂ ਵਿਦਿਆਰਥੀਆ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾ ਨੂੰ ਆਪਣੇ ਸਰਵਪੱਖੀ ਵਿਕਾਸ ਅਤੇ ਕਿਰਦਾਰ ਨੂੰ ਸੁਧਾਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਸਾਹਿਬ ਨੇ ਟਰਸਟ ਦੀ ਇਸ ਉਪਰਾਲੇ ਲਈ ਸ਼ਲਾਘਾ ਕੀਤੀ।

# ਪੀਏਯੂ - ਕੇਵੀਕੇ, ਸੰਗਰੂਰ ਵੱਲੋਂ ਵਿਕਸਤ ਖੇਤੀਬਾੜੀ ਸੰਕਲਪ ਅਭਿਆਨ ਦੇ ਪੰਜਵੇਂ ਦਿਨ ਵੱਖ-ਵੱਖ ਪਿੰਡਾਂ ਵਿੱਚ ਪ੍ਰੋਗਰਾਮ ਆਯੋਜਿਤ

## ਨਵੀਆਂ ਖੇਤੀ ਤਕਨੀਕਾਂ ਅਤੇ ਕਿਸਾਨ ਭਲਾਈ ਸਕੀਮਾਂ ਦੀ ਦਿੱਤੀ ਜਾਣਕਾਰੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com




ਲੌਂਗੋਵਾਲ, 2 ਜੂਨ (ਜਗਸੀਰ ਸਿੰਘ)-

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ ਵੱਲੋਂ ਵਿਕਸਤ ਖੇਤੀਬਾੜੀ ਸੰਕਲਪ ਅਭਿਆਨ ਦੇ ਪੰਜਵੇਂ ਦਿਨ ਪਿੰਡ ਨੱਤਾਂ, ਲੱਡਾ, ਦੁੱਗਾਂ, ਕੁਨਰਾਂ, ਨਮੋਲ ਅਤੇ ਸ਼ੇਰੋਂ ਵਿਖੇ ਕਿਸਾਨ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਹ ਪ੍ਰੋਗਰਾਮ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਇੰਚਾਰਜ ਡਾ. ਮਨਦੀਪ ਸਿੰਘ ਦੀ ਅਗਵਾਈ ਵਿੱਚ ਨੇਪਰੇ ਚਾੜ੍ਹੇ ਗਏ। ਇਸ ਮੌਕੇ ਡਾ. ਗੁਰਬੀਰ ਕੌਰ, ਸਹਾਇਕ ਪ੍ਰੋਫੈਸਰ (ਪਲਾਂਟ ਪ੍ਰੋਟੈਕਸ਼ਨ) ਨੇ ਝੋਨੇ ਅਤੇ ਬਾਸਮਤੀ ਦੇ ਬੀਜ ਦੀ ਸੋਧ ਅਤੇ ਸਾਉਣੀ ਦੀਆਂ ਫਸਲਾਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਬਾਸਮਤੀ ਵਿੱਚ ਝੰਡਾ ਰੋਗ ਦੀ ਰੋਕਥਾਮ ਅਤੇ ਕੀਟਨਾਸ਼ਕਾਂ ਦੀ ਸੁਚੱਜੀ ਅਤੇ ਸੁਰੱਖਿਅਤ ਵਰਤੋਂ ਬਾਰੇ ਵੀ ਚਾਨਣਾ ਪਾਇਆ। ਡਾ. ਰਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਬਾਗਬਾਨੀ) ਨੇ ਸਬਜੀਆਂ ਅਤੇ ਫਲਾਂ ਦੀ ਕਾਸ਼ਤ ਦੇ ਨਾਲ-ਨਾਲ ਖੁੰਬਾਂ ਦੀ ਕਾਸ਼ਤ ਬਾਰੇ ਵੀ ਜਾਣਕਾਰੀ ਦਿੱਤੀ। ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਨੇ ਝੋਨੇ ਦੀ ਸਿੱਧੀ ਬਿਜਾਈ ਅਤੇ ਝੋਨੇ ਦੀ ਮਸ਼ੀਨੀ ਲੁਆਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਰੁਕਿੰਦਰ ਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਝੋਨੇ ਦੀਆਂ ਉੱਨਤ ਕਿਸਮਾਂ, ਪਨੀਰੀ ਦੀ ਦੇਖਭਾਲ ਅਤੇ ਲੁਆਈ ਦੇ ਸਹੀ ਸਮੇਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਝੋਨੇ ਦੀ ਸਿੱਧੀ ਬਿਜਾਈ ਵਿੱਚ ਨਦੀਨਾਂ ਦੀ ਰੋਕਥਾਮ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਵੀ ਨੁਕਤੇ ਸਾਂਝੇ ਕੀਤੇ। ਡਾ. ਵਿਤਸਤਾ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਪੇਂਡੂ ਸੁਆਣੀਆਂ ਅਤੇ ਕਿਸਾਨ ਬੀਬੀਆਂ ਨੂੰ ਸੈਲਫ਼ ਹੈਲਪ ਗਰੁੱਪ ਬਣਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਬੀਬੀਆਂ ਨੂੰ ਗ੍ਰਹਿ ਪ੍ਰਬੰਧ ਬਾਰੇ ਅਹਿਮ ਜਾਣਕਾਰੀ ਵੀ ਦਿੱਤੀ। ਮੈਡਮ ਅਮਰਦੀਪ ਕੌਰ (ਪ੍ਰੋਗਰਾਮ ਸਹਾਇਕ) ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਜਾਂਚ ਕਰਵਾਉਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਿਸਾਨਾਂ ਨੂੰ ਖੇਤੀਬਾੜੀ ਸਹਿਤ ਵੀ ਵੰਡਿਆ ਗਿਆ ਅਤੇ ਕਿਸਾਨਾਂ ਵਲੋਂ ਲਿਆਂਦੇ ਮੱਕੀ ਦੇ ਬੂਟਿਆਂ ਅਤੇ ਝੋਨੇ ਦੀ ਪਨੀਰੀ ਦੀ ਜਾਂਚ ਕਰਕੇ ਢੁਕਵੇਂ ਸੁਝਾਅ ਦਿੱਤੇ ਗਏ। ਇਹਨਾਂ ਕੈਂਪਾਂ ਵਿੱਚ ਖੇਤੀਬਾੜੀ ਨਾਲ ਸਬੰਧਤ ਵਿਭਾਗਾਂ ਦੇ ਨੁਮਾਇੰਦਿਆਂ ਨੇ ਵੀ ਭਾਗ ਲਿਆ ਅਤੇ ਕਿਸਾਨ ਭਲਾਈ ਸਕੀਮਾਂ ਦੀ ਜਾਣਕਾਰੀ ਦਿੱਤੀ।

# ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਸੰਪੰਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਸੰਗਰੂਰ,2 ਜੂਨ (ਜਗਸੀਰ ਲੌਂਗੋਵਾਲ)-

ਸ਼ਹੀਦਾਂ ਦੇ ਸਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਨੂੰ ਸਮਰਪਿਤ ਅੱਜ ਗੁਰਦੁਆਰਾ ਸਾਹਿਬ ਕਿਸ਼ਨਪੁਰਾ ਵਿਖੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਬੜੀ ਸ਼ਰਧਾ ਅਤੇ ਭਾਵਨਾ ਨਾਲ ਸੰਪੰਨ ਹੋਏ। 19 ਅਪ੍ਰੈਲ ਤੋਂ 29 ਮਈ ਤੱਕ ਬੀਬੀਆਂ ਦੇ ਜਥੇ ਮਾਤਾ ਸਾਹਿਬ ਕੌਰ ਜੀ ਸੁਖਮਨੀ ਸੇਵਾ ਸੋਸਾਇਟੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਰੋਜ਼ਾਨਾ ਪਾਠ ਕੀਤੇ ਗਏ। ਉਪਰੰਤ 30 ਮਈ ਨੂੰ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਜਿਸ ਦੇ ਭੋਗ ਅੱਜ ਸਵੇਰੇ ਪਾਏ ਗਏ। ਤਿੰਨ ਰੋਜ਼ਾ ਗੁਰਮਤਿ ਸਮਾਗਮਾਂ ਦੇ ਵਿੱਚ ਪਹਿਲੇ ਦਿਨ ਦੇ ਰਾਤਰੀ ਦੇ ਦੀਵਾਨਾਂ ਵਿੱਚ ਸੰਤ ਬਾਬਾ ਬਲਜੀਤ ਸਿੰਘ ਕੂਹਲੀ ਵਾਲੇ , ਦੂਸਰੇ ਦਿਨ ਦੇ ਰਾਤਰੀ ਦੀਵਾਨਾਂ ਵਿੱਚ ਬਾਬਾ ਬਲਜੀਤ ਸਿੰਘ ਫੱਕਰ ਅਤੇ ਇੱਕ ਜੂਨ ਦੇ ਵਿਸ਼ੇਸ਼ ਸਮਾਗਮ ਵਿੱਚ ਭਾਈ ਆਗਿਆਪਾਲ ਸਿੰਘ ਜੀ ਟੋਹਾਣੇ ਵਾਲਿਆਂ ਦੇ ਜਥੇ ਵੱਲੋਂ ਹਰ ਜਸ ਕੀਰਤਨ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਟੇਟ ਸਕੱਤਰ ਦੀ ਸੇਵਾ ਕੁਲਵੰਤ ਸਿੰਘ ਕਲਕੱਤਾ ਵੱਲੋਂ ਬਖੂਬੀ ਨਿਭਾਈ ਗਈ। ਸ਼ਹੀਦੀ ਸਮਾਗਮ ਤੇ ਵਿਸ਼ੇਸ਼ ਤੌਰ ਤੇ ਨਗਰ ਕੌਂਸਲ ਸੰਗਰੂਰ ਦੇ ਮੌਜੂਦਾ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਅਤੇ ਸੀਨੀਅਰ ਮੀਤ ਪ੍ਰਧਾਨ ਬੈਨੀਪਾਲ ਰਾਜੂ ਜੀ ਨੇ ਹਾਜ਼ਰੀਆਂ ਭਰੀਆਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਨਾਲ ਬਿਕਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਕਿਸ਼ਨਪੁਰਾ, ਰਵਿੰਦਰ ਸਿੰਘ ਜੌਹਲ, ਜਗਜੀਤ ਸਿੰਘ ਸਰੋਏ, ਰਣਜੀਤ ਸਿੰਘ ਗੋਲਡੀ, ਚਰਨਜੀਤ ਸਿੰਘ, ਗੁਰਤੇਜ ਸਿੰਘ, ਲਿਲੀ ਰਾਮ, ਹਰਬੰਸ ਸਿੰਘ ਕੁਮਾਰ, ਰੋਹੀ ਰਾਮ ਸਿੰਘ, ਗੁਰਬਖਸ਼ ਸਿੰਘ ਹਾਜ਼ਰ ਸਨ।

## ਸੰਪਾਦਕ ਦੇ ਨਾਮ ਖਤ

### ਰਾਸ਼ਨ ਕਾਰਡ ਤੋਂ ਬਿਨਾਂ ਬਨਣ ਨਰੇਗਾ ਕਾਰਡ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣੇ ਬੰਦ ਕੀਤੇ ਹੋਏ ਹਨ। ਦੂਜੇ ਪਾਸੇ ਜਦ ਕੋਈ ਯੋਗ ਅਤੇ ਲੋੜਵੰਦ ਵਿਅਕਤੀ ਕਿਰਤ ਕਰਨ ਲਈ ਨਰੇਗਾ ਕਾਰਡ ਬਣਾਉਣਾ ਚਾਹੁੰਦਾ ਹੈ, ਤਾਂ ਉਸ ਤੋਂ ਰਾਸ਼ਨ ਕਾਰਡ ਦੀ ਮੰਗ ਕੀਤੀ ਜਾਂਦੀ ਹੈ। ਰਾਸ਼ਨ ਕਾਰਡ ਨਾ ਬਣਨ ਕਰਕੇ ਯੋਗ ਵਿਅਕਤੀ ਆਪਣਾ ਨਰੇਗਾ ਕਾਰਡ ਬਨਾਉਣ ਤੋਂ ਹੀ ਰਹਿ ਜਾਂਦਾ ਹੈ। ਅਜਿਹਾ ਹੋਣ ਕਰਕੇ ਪੰਜਾਬ ਵਿੱਚ ਹਜਾਰਾਂ ਹੀ ਯੋਗ ਅਤੇ ਲੋੜਵੰਦ ਵਿਅਕਤੀ ਨਰੇਗਾ ਕਾਰਡ ਬਨਾਉਣ ਤੋਂ ਵਾਂਝੇ ਰਹਿ ਰਹੇ ਹਨ। ਸਰਕਾਰ ਨੂੰ ਇਸ ਪਾਸੇ ਉਚੇਚਾ ਧਿਆਨ ਦਿੰਦੇ ਹੋਏ, ਇਸ ਮਸਲੇ ਦਾ ਪਹਿਲ ਦੇ ਆਧਾਰ ਤੇ ਹੱਲ ਕਰਨਾ ਚਾਹੀਦਾ ਹੈ, ਤਾਂ ਜੋ ਗਰੀਬ ਲੋਕ ਆਪਣੀ ਕਿਰਤ ਕਰਕੇ ਦੋ ਡੰਗ ਦੀ ਉਪਜੀਵਕਾ ਕਮਾ ਸਕਣ।

ਅੰਗਰੇਜ ਸਿੰਘ ਵਿੱਕੀ ਕੋਟਗੁਰੂ,
ਪਿੰਡ ਅਤੇ ਡਾਕ. ਕੋਟਗੁਰੂ (ਬਠਿੰਡਾ),

# ਸੰਯੁਕਤ ਕਿਸਾਨ ਮੋਰਚੇ ਵੱਲੋਂ ਜਗਰਾਉਂ ਵਿਖੇ ਜਬਰ ਵਿਰੋਧੀ ਧਰਨਾ ਅਤੇ ਮੁਜ਼ਾਹਰਾ

## ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਹਜ਼ਾਰਾਂ ਮਜ਼ਦੂਰ ਅਤੇ ਕਿਸਾਨ , ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦਾ ਏਜੰਡਾ ਲਾਗੂ ਕਰਨ ਲਈ ਕਰ ਰਹੀ ਲੋਕਾਂ ਤੇ ਜ਼ਬਰ, ਪੰਜਾਬ ਸਰਕਾਰ ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਕੇ ਕਾਰਪੋਰੇਟਰਾਂ ਪੱਖੀ ਨੀਤੀਆਂ ਲਾਗੂ ਕਰਨ ਦਾ ਭਰਮ ਪਾਲ ਰਹੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਲੁਧਿਆਣਾ/ਜਗਰਾਉਂ, 2 ਜੂਨ, 2025: ਅੱਜ ਜਗਰਾਉਂ ਦੀ ਨਵੀਂ ਅਨਾਜ ਮੰਡੀ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤੇ ਜ਼ਬਰ ਵਿਰੋਧੀ ਧਰਨਾ ਦਿੱਤਾ ਗਿਆ ਅਤੇ ਬਾਅਦ ਵਿੱਚ ਸ਼ਹਿਰ ਵਿੱਚ ਮੁਜ਼ਾਹਰਾ ਵੀ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਕਿਸਾਨ ਮਜ਼ਦੂਰ ਅਤੇ ਔਰਤਾਂ ਪੂਰੇ ਜੋਸ਼ ਨਾਲ ਸ਼ਾਮਿਲ ਹੋਈਆਂ। ਪ੍ਰੋਗਰਾਮ ਦੇ ਅਖੀਰ ਤੇ ਸ਼ਹਿਰ ਵਿੱਚ ਰੋਹ ਭਰਪੂਰ ਮੁਜ਼ਾਹਰਾ ਕਰਕੇ ਕੁਲਪ੍ਰੀਤ ਸਿੰਘ ਏਡੀਸੀ ਨੂੰ ਮੰਗ ਪੱਤਰ ਦਿੱਤਾ ਗਿਆ। ਹਜ਼ਾਰਾਂ ਦੇ ਇਕੱਠ ਵਿੱਚ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਤੋਂ ਇਲਾਵਾ ਕੈਂਸਰ ਫੈਲਾਉਣ ਵਾਲੀਆਂ ਗੈਸ ਫੈਕਟਰੀਆਂ ਵਿਰੋਧੀ ਤਾਲਮੇਲ ਕਮੇਟੀ ਦੇ ਆਗੂ ਅਤੇ ਲੋਕ ਵੀ ਸ਼ਾਮਿਲ ਹੋਏ।



ਇਸ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਅਤੇ ਭਰਾਤਰੀ ਜਥੇਬੰਦੀਆਂ ਦੇ ਵੱਖ-ਵੱਖ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਗੁਰਦੀਪ ਸਿੰਘ ਰਾਮਪੁਰਾ, ਰੁਲਦੂ ਸਿੰਘ ਮਾਨਸਾ, ਅਵਤਾਰ ਸਿੰਘ ਮੇਹਲੋਂ, ਸੁਰਤ ਸਿੰਘ ਧਰਮਕੋਟ, ਰਘਬੀਰ ਸਿੰਘ ਬੈਨੀਪਾਲ, ਬਲਰਾਜ ਸਿੰਘ ਕੋਟਉਮਰਾ , ਜਤਿੰਦਰ ਸਿੰਘ ਛੀਨਾ, ਸੁਖਦੇਵ ਸਿੰਘ ਭੂੰਦੜੀ, ਕੰਵਲਜੀਤ ਖੰਨਾ, ਮਨਜੀਤ ਸਿੰਘ ਧਨੇਰ, ਮਹਾਂਵੀਰ ਸਿੰਘ ਗਿੱਲ, ਚਰਨ ਸਿੰਘ ਨੂਰਪੁਰਾ, ਬੂਟਾ ਸਿੰਘ ਚਕਰ, ਛਿੰਦਰਪਾਲ ਕੌਰ ਨੇ ਕਿਹਾ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸਾਰੇ ਪਾਸੇ ਲੋਕਾਂ ਤੇ ਜ਼ਬਰ ਕਰਨ ਦਾ ਰਾਹ ਫੜਿਆ ਹੋਇਆ ਹੈ। 5 ਮਾਰਚ ਨੂੰ ਚੰਡੀਗੜ੍ਹ ਜਾਣ ਵਾਲੇ ਕਿਸਾਨਾਂ ਤੇ ਜਬਰ, 19 ਮਾਰਚ ਨੂੰ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਜਬਰ ਕਰਨਾ, ਚਾਉਕੇ ਸਕੂਲ ਦੇ ਅਧਿਆਪਕਾਂ ਤੇ ਜ਼ੁਲਮ, ਕੁੱਲਰੀਆਂ, ਬਠੋਈ ਕਲਾਂ, ਜਿਓਂਦ, ਸੀਡ ਫਾਰਮ ਅਬੋਹਰ ਅਤੇ ਹੋਰ ਥਾਵਾਂ ਤੇ ਲੋਕਾਂ ਦੀਆਂ ਜ਼ਮੀਨਾਂ ਜਬਰੀ ਖੋਹਣੀਆਂ, ਭਾਰਤ ਮਾਲਾ ਪ੍ਰੋਜੈਕਟ ਲਈ ਜ਼ਮੀਨਾਂ ਜਬਰੀ ਖੋਹਣ ਸਮੇਂ ਲੋਕਾਂ ਤੇ ਜ਼ੁਲਮ ਕਰਨਾ, ਬੀੜ ਐਸ਼ਬਾਨ ਅਤੇ ਚੰਦਭਾਨ ਵਿਖੇ ਮਜ਼ਦੂਰਾਂ ਤੇ ਜ਼ੁਲਮ ਕਰਨਾ ਅਤੇ ਨਸ਼ਿਆਂ ਵਿਰੁੱਧ ਯੁੱਧ ਦੀ ਆੜ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ਚਲਾਉਣਾ ਇਸ ਜਬਰ ਦੀਆਂ ਉਦਾਹਰਨਾਂ ਹਨ। ਪੁਲਿਸ ਨੂੰ ਦਿੱਤੀ ਖੁੱਲ੍ਹੀ ਛੁੱਟੀ ਦਾ ਨਤੀਜਾ ਹੈ ਕਿ ਬਠਿੰਡਾ ਸੀਆਈਏ ਸਟਾਫ ਨੇ ਨੌਜਵਾਨ ਨਰਿੰਦਰ ਦੀਪ ਸਿੰਘ ਦਾ ਕਤਲ ਕਰ ਦਿੱਤਾ ਹੈ। ਪਟਿਆਲਾ ਵਿਖੇ ਕਰਨਲ ਬਾਠ ਅਤੇ ਉਸ ਦੇ ਬੇਟੇ ਦੀ ਕੁੱਟਮਾਰ ਵੀ ਕਿਸੇ ਤੋਂ ਭੁੱਲੀ ਨਹੀਂ ਹੈ।

ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਇਹ ਸਭ ਕੁੱਝ ਇੱਕ ਸੋਚੀ ਸਮਝੀ ਸਕੀਮ ਅਧੀਨ ਹੋ ਰਿਹਾ ਹੈ। ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਨ ਲਈ ਰਾਹ ਪੱਧਰਾ ਕਰ ਕੇ ਕਾਰਪੋਰੇਟਾਂ ਦੇ ਮੁਨਾਫ਼ਿਆਂ ਦੀ ਗਰੰਟੀ ਕਰਨਾ ਇਸ ਜਬਰ ਦਾ ਮਕਸਦ ਹੈ। ਮੁੱਖ ਮੰਤਰੀ ਦੀ ਕਿਸਾਨ ਜਥੇਬੰਦੀਆਂ ਖ਼ਿਲਾਫ਼ ਬਿਨਾਂ ਸਿਰ ਪੈਰ ਇਲਜ਼ਾਮ ਮਬਾਜ਼ੀ ਵੀ ਇਸੇ ਸਕੀਮ ਦਾ ਹਿੱਸਾ ਹੈ। ਮੁੱਖ ਮੰਤਰੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਿਸਾਨ ਜਥੇਬੰਦੀਆਂ ਲੋਕਾਂ ਦੇ ਸੰਘਰਸ਼ਾਂ ਦੀ ਨੇਕ ਬਣੀਆਂ ਹੋਈਆਂ ਹਨ ਅਤੇ ਇਨ੍ਹਾਂ ਨੂੰ ਬਦਨਾਮ ਕੀਤੇ ਬਿਨਾਂ ਲੋਕਾਂ ਤੇ ਆਪਣਾ ਕਾਰਪੋਰੇਟ ਪੱਖੀ ਏਜੰਡਾ ਲਾਗੂ ਕਰਨਾ ਆਸਾਨ ਨਹੀਂ ਹੈ। ਸਰਕਾਰ ਚਾਹੁੰਦੀ ਹੈ ਕਿ ਲੋਕ ਇਸ ਜ਼ਬਰ ਤੋਂ ਡਰ ਕੇ ਸੰਘਰਸ਼ਾਂ ਤੋਂ ਮੂੰਹ ਮੋੜ ਲੈਣ ਪਰ ਸਰਕਾਰ ਨੂੰ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਅਣਖੀ ਤੇ ਬਹਾਦਰ ਲੋਕ ਕਦੇ ਵੀ ਜ਼ਬਰ ਨਾਲ ਦਬਾਇਆਂ ਨਹੀਂ ਦਬਦੇ ਸਗੋਂ ਦੁੱਗਣੇ ਜੋਸ਼ ਅਤੇ ਉਤਸ਼ਾਹ ਨਾਲ ਸੰਘਰਸ਼ ਦੇ ਮੈਦਾਨਾਂ ਵਿੱਚ ਡਟ ਜਾਂਦੇ ਹਨ।

ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨ ਜਥੇਬੰਦੀਆਂ ਖ਼ਿਲਾਫ਼ ਬਿਆਨਬਾਜ਼ੀ ਕਾਰਨ ਮੁੱਖ ਮੰਤਰੀ ਨੂੰ ਨਿਸ਼ਾਨੇ ਤੇ ਰੱਖਿਆ ਅਤੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਮੁੱਖ ਮੰਤਰੀ ਦਾ ਚੈਲੇਂਜ ਸਵੀਕਾਰ ਹੈ, ਮੁੱਖ ਮੰਤਰੀ ਸਾਨੂੰ ਲਾਈਵ ਬਹਿਸ ਦਾ ਸਮਾਂ ਅਤੇ ਸਥਾਨ ਦੱਸਣ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਮੁੱਢ ਤੋਂ ਹੀ ਡੈਮ ਸੇਫਟੀ ਐਕਟ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ ਜਿਸ ਨੂੰ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਮਤਾ ਪਾ ਕੇ ਅੱਜ ਤੱਕ ਰੱਦ ਨਹੀਂ ਕੀਤਾ। ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਜਲ ਸੋਧ ਐਕਟ ਲਾਗੂ ਕਰਕੇ ਸਨਅਤਕਾਰਾਂ ਨੂੰ ਪਾਣੀ ਗੰਦਾ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਚੇਤਾਵਨੀ ਦਿੱਤੀ ਕਿ ਭਗਵੰਤ ਮਾਨ ਸਰਕਾਰ ਦੀਆਂ ਇਹ ਚਾਲਾਂ ਸਫਲ ਨਹੀਂ ਹੋਣ ਦਿੱਤੀਆਂ ਜਾਣਗੀਆਂ। ਇਸ ਸਮੇਂ ਗੋਨਿਆਣਾ ਮੰਡੀ ਦੇ ਨੌਜਵਾਨ ਅਧਿਆਪਕ ਨਰਿੰਦਰ ਦੀਪ ਸਿੰਘ ਦੇ ਸੀਆਈਏ ਬਠਿੰਡਾ ਵਿੱਚ ਕੀਤੇ ਗਏ ਕਤਲ ਦੀ ਨਿਆਂਇਕ ਜਾਂਚ ਰਵਾ ਕੇ ਇਨਸਾਫ ਦੇਣ, ਨਸ਼ਾ ਬੰਦ ਕਰਨ ਦੀ ਆੜ ਹੇਠ ਆਮ ਲੋਕਾਂ ਦੀ ਫੜੋ ਫੜੀ ਬੰਦ ਕਰ ਕੇ ਵੱਡੇ ਨਸ਼ਾ ਤਸਕਰਾਂ ਖਿਲਾਫ਼ ਨਕੇਲ ਕਸਣ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ, ਆਦਰਸ਼ ਸਕੂਲ ਚਾਉਕੇ ਦਾ ਮਸਲਾ ਸਮਝੌਤੇ ਅਨੁਸਾਰ ਹੱਲ ਕਰਨ, ਕੁੱਲਰੀਆਂ ਜ਼ਮੀਨ ਮਾਲਕ ਕਿਸਾਨਾਂ ਦਾ ਹੱਕ ਤਸਲੀਮ ਕਰਨ, ਕੈਂਸਰ ਵੰਡ ਰਹੀਆਂ ਬਾਇਓ ਗੈਸ ਫੈਕਟਰੀਆਂ ਬੰਦ ਕਰਨ, ਚਮਕੌਰ ਸਾਹਿਬ ਨੇੜੇ ਸੀਮਿੰਟ ਫੈਕਟਰੀ ਲਾਉਣ ਦਾ ਫੈਸਲਾ ਰੱਦ ਕਰਨ, ਗਲਾਡਾ ਵੱਲੋਂ ਲੁਧਿਆਣਾ ਜ਼ਿਲ੍ਹੇ ਅੰਦਰ 24311 ਏਕੜ ਜ਼ਮੀਨ ਹੜੱਪਣ ਦਾ ਫ਼ੈਸਲਾ ਵਾਪਸ ਲੈਣ, ਆਦਿਵਾਸੀਆਂ/ਮਾਓਵਾਦੀਆਂ ਖਿਲਾਫ਼ ਕੇਂਦਰੀ ਹਕੂਮਤ ਵੱਲੋਂ ਵਿੱਢਿਆ 'ਅਪ੍ਰੇਸ਼ਨ ਕਗਾਰ' ਬੰਦ ਕਰਨ ਆਦਿ ਮਤੇ ਅਕਾਸ਼ ਗੁੰਜਾਉ ਨਾਹਰਿਆਂ ਨਾਲ ਪਾਸ ਕੀਤੇ ਗਏ।

# ਗ੍ਰੇ-ਗਰੀਨ ਸੰਸਥਾ ਨੇ ਸਾਲ 2025 'ਚ ਇੱਕ ਹਜਾਰ ਰੁੱਖ ਲਗਾਉਣ ਦਾ ਮਿੱਥਿਆ ਟੀਚਾ

## * ਮੇਅਰ ਰਾਮਪਾਲ ਉੱਪਲ ਨੇ ਕੀਤੀ ਉਪਰਾਲੇ ਦੀ ਸ਼ਲਾਘਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਫਗਵਾੜਾ 2 ਜੂਨ (ਸ਼ਿਵ ਕੌੜਾ) ਵਾਤਾਵਰਣ ਸੁਰੱਖਿਆ ਨੂੰ ਸਮਰਪਿਤ ਸਮਾਜ ਸੇਵੀ ਸੰਸਥਾ ਗ੍ਰੇ ਗ੍ਰੀਨ ਵੱਲੋਂ ਸਰਾਏ ਰੋਡ ਤੋਂ ਜੀਟੀ ਰੋਡ ਸਰਵਿਸ ਲੇਨ ਤੱਕ ਪੰਜਾਹ ਤੋਂ ਵੱਧ ਰੁੱਖ ਲਗਾਏ ਗਏ। ਇਸ ਦੌਰਾਨ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨੇ ਆਪਣੇ ਹੱਥਾਂ ਨਾਲ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਮੇਅਰ ਉੱਪਲ ਨੇ ਸੰਸਥਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰੁੱਖਾਂ ਦੀ



ਕਟਾਈ ਨਾਲ ਵਾਤਾਵਰਣ ਦਾ ਸੰਤੁਲਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਹੀ ਕਾਰਨ ਹੈ ਕਿ ਗਲੋਬਲ ਵਾਰਮਿੰਗ ਦੀ ਸਮੱਸਿਆ ਪੂਰੀ ਦੁਨੀਆ ਵਿੱਚ ਜਲਵਾਯੂ ਪਰਿਵਰਤਨ ਦਾ ਕਾਰਨ ਬਣ ਰਹੀ ਹੈ। ਉਨ੍ਹਾਂ ਸੰਸਥਾ ਦੇ ਮੈਂਬਰਾਂ ਨੂੰ ਸੜਕਾਂ ਕਿਨਾਰੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਗਰਮੀਆਂ ਦੇ ਮੌਸਮ ਵਿੱਚ, ਲੋੜ ਪੈਣ 'ਤੇ ਰਾਹਗੀਰ ਰੁੱਖਾਂ ਦੀ ਛਾਂ ਵਿੱਚ ਆਰਾਮ ਕਰ ਸਕਣ। ਗ੍ਰੇ-ਗ੍ਰੀਨ ਦੇ ਕੋਰ ਕਮੇਟੀ ਮੈਂਬਰਾਂ ਜਸਵਿੰਦਰ ਸਿੰਘ ਬੌਬੀ, ਵਿਨੋਦ ਭਾਸਕਰ ਅਤੇ ਮਦਨ ਲਾਲ ਨੇ ਦੱਸਿਆ ਕਿ ਅੱਜ ਸਰਾਏ ਰੋਡ ਤੋਂ ਵਾਇਆ ਸਿੰਗਲਾ ਮਾਰਕੀਟ ਜੀਟੀ ਰੋਡ ਸਥਿਤ ਵਿਸ਼ਾਲ ਮੈਗਾ ਮਾਰਟ ਸਰਵਿਸ ਲੇਨ ਤੱਕ ਪੰਜਾਹ ਬੂਟੇ ਲਗਾਏ ਗਏ ਹਨ। ਸੰਸਥਾ ਵੱਲੋਂ ਲਗਾਏ ਗਏ ਹਰੇਕ ਬੂਟੇ ਦੀ ਚੰਗੀ ਦੇਖਭਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਇੱਕ ਹਜ਼ਾਰ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਸਾਰੇ ਬੂਟਿਆਂ ਨੂੰ ਟਰੀ-ਗਾਰਡਾਂ ਨਾਲ ਕਵਰ ਕੀਤਾ ਜਾਵੇਗਾ ਅਤੇ ਲੋੜ ਅਨੁਸਾਰ ਪਾਣੀ ਅਤੇ ਖਾਦ ਦਿੱਤੀ ਜਾਵੇਗੀ। ਇਸ ਮੌਕੇ ਸੁਖਵਿੰਦਰ ਸਿੰਘ, ਕਸ਼ਮੀਰ ਲਾਲ, ਗੁਰਪ੍ਰੀਤ ਸੈਣੀ, ਨਰਿੰਦਰ ਸਿੰਘ ਸੈਣੀ, ਪਰਮਜੀਤ ਪੰਮਾ, ਹੈਪੀ ਮਾਨ, ਰਵਿੰਦਰ ਸਿੰਘ, ਯੋਗੇਸ਼ ਪੰਡਿਤ, ਰਾਜੀਵ ਦੁੱਗਲ, ਜਤਿੰਦਰ ਉਪਾਧਿਆਏ, ਅਮਰਿੰਦਰ ਸਿੰਘ, ਤੇਜਵੀਰ ਸਿੰਘ, ਰਵੀ ਕੌਸ਼ਲ, ਸ਼ਰਮਾ ਫੋਰਮੈਨ, ਮਾਸਟਰ ਨਿਰਮਲ ਸਿੰਘ, ਜੀਤ ਰਾਮ ਆਦਿ ਹਾਜ਼ਰ ਸਨ।

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਪਾਇਦਾਰ ਵਿਕਾਸ ਵੱਲ ਨਵਾਂ ਕਦਮ ਹਲਕਾ ਗੜ੍ਹਸ਼ੰਕਰ ਦੇ ਵੱਖ ਵੱਖ ਪਿੰਡਾਂ ਨੂੰ ਮਿਲੇ ਨਵੇਂ ਸੋਲਰ ਸਿਸਟਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ,/ਗੜ੍ਹਸ਼ੰਕਰ 2 ਜੂਨ (ਬਲਵੀਰ ਚੌਂਪੜਾ) ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਦੇ ਸਰਗਰਮ ਅਤੇ ਲੋਕਪ੍ਰਿਯ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਪਿੰਡਾਂ ਦੀ ਤਰੱਕੀ ਅਤੇ ਵਾਤਾਵਰਣ ਅਨੁਕੂਲ ਉਰਜਾ ਪ੍ਰਣਾਲੀਆਂ ਨੂੰ ਦੇਣ ਦੀ ਦਿਸ਼ਾ ਵਿੱਚ ਇਕ ਹੋਰ ਮਹੱਤਵਪੂਰਨ ਕਦਮ ਉਠਾਇਆ ਗਿਆ ਹੈ। ਹਲਕੇ ਦੇ ਪਿੰਡਾਂ ਵਿੱਚ ਸੋਲਰ ਸਿਸਟਮ ਸੌਂਪਣ ਦੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਗਿਆ ਜਿਸ ਨਾਲ ਪਿੰਡਾਂ ਦੀ ਜਰੂਰਤਾਂ ਦੀ ਪੂਰਤੀ ਦੇ ਨਾਲ-ਨਾਲ ਨਵੀਨ ਤਕਨਾਲੋਜੀ ਨਾਲ ਪਿੰਡਾਂ ਦੀ ਤਰੱਕੀ ਹੋਵੇਗੀ।

ਇਹ ਸੋਲਰ ਸਿਸਟਮ ਪਿੰਡਾਂ ਚਾਹਲਪੁਰ, ਚਾਂਦਸੂ ਜੱਟਾ, ਦਦਿਆਲ, ਮਜਾਰਾ ਡਿੰਗਰੀਆਂ, ਮੋਨੇਵਾਲ, ਰਾਏਪੁਰ ਗੁਜਰਾ, ਸਮੁੰਦੜਾ ਖਾਸ, ਸਤਨੌਰ, ਵਾਹਿਦਪੁਰ ਅਤੇ ਪੱਦੀ ਖੁਰੀ ਨੂੰ ਦਿੱਤੇ ਗਏ।

ਇਸ ਮੌਕੇ ਉੱਤੇ ਸਮਾਰੋਹਾਂ ਦਾ ਆਯੋਜਨ ਕੀਤਾ ਗਿਆ, ਜਿੱਥੇ ਪਿੰਡ ਵਾਸੀਆਂ ਅਤੇ ਪੰਚਾਇਤੀ ਨੁਮਾਇੰਦਿਆਂ ਨੇ ਡਿਪਟੀ ਸਪੀਕਰ ਰੌੜੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਯਤਨਾਂ ਰਾਹੀਂ ਪਿੰਡਾਂ ਦੀ ਆਮ ਜਨਤਾ ਨੂੰ ਨਾ ਸਿਰਫ ਆਧੁਨਿਕ ਢਾਂਚਾ ਉਪਲਬਧ ਹੋ ਰਿਹਾ ਹੈ, ਸਗੋਂ ਬਿਜਲੀ ਬੱਚਤ ਅਤੇ ਵਾਤਾਵਰਣ ਸੰਰਕਸ਼ਣ ਦੀ ਲਹਿਰ ਨੂੰ ਵੀ ਉਤਸ਼ਾਹ ਮਿਲ ਰਿਹਾ ਹੈ।ਡਿਪਟੀ ਸਪੀਕਰ ਰੌੜੀ ਨੇ ਇਸ ਮੌਕੇ ਕਿਹਾ ਕਿ ਸੂਰਜ ਦੀ ਉਰਜਾ ਵਰਗੀ ਨਵੀਨ ਅਤੇ ਸਾਫ਼ ਉਰਜਾ ਪ੍ਰਣਾਲੀ ਵਰਤਣਾ ਸਾਡੀ ਆਉਣ ਵਾਲੀ ਪੀੜ੍ਹੀ ਦੀ ਸੁਰੱਖਿਆ ਲਈ ਲਾਜ਼ਮੀ ਹੈ। ਇਹ ਸੋਲਰ ਪ੍ਰੋਜੈਕਟ ਸਿਰਫ ਬਿਜਲੀ ਦਾ ਵਿਕਲਪ ਨਹੀਂ, ਸਗੋਂ ਪਿੰਡਾਂ ਨੂੰ ਆਤਮਨਿਰਭਰ ਬਣਾਉਣ ਦੀ ਯੋਜਨਾ ਦਾ ਹਿੱਸਾ ਹੈ। ਇਹ ਸਿਸਟਮ ਪਿੰਡਾਂ ਦੀਆਂ ਗਰਾਮ ਪੰਚਾਇਤਾਂ, ਸਰਵਜਨਿਕ ਥਾਵਾਂ ਅਤੇ ਸਮਾਜਕ ਸੇਵਾਵਾਂ ਵਿੱਚ ਵਰਤੋਂ ਲਈ ਉਪਲਬਧ ਹੋਣਗੇ। ਉਨ੍ਹਾਂ ਨੇ ਇਹ ਵੀ ਸੂਚਿਤ ਕੀਤਾ ਕਿ ਇਹ ਮੁਹਿੰਮ ਗੜ੍ਹਸ਼ੰਕਰ ਹਲਕੇ ਵਿੱਚ ਪਾਇਦਾਰ ਵਿਕਾਸ ਲਈ ਕੀਤੇ ਜਾ ਰਹੇ ਲਗਾਤਾਰ ਉਪਕਰਮਾਂ ਦੀ ਸਿਰਫ ਇੱਕ ਕੜੀ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕਈ ਵਿਕਾਸ ਕਾਰਜ ਸ਼ੁਰੂ ਕੀਤੇ ਜਾਣਗੇ, ਜੋ ਸਿੱਧਾ ਜਨਤਾ ਦੇ ਜੀਵਨ ਮਾਣਕਿਆਂ ਵਿੱਚ ਸੁਧਾਰ ਲਿਆਉਣਗੇ। ਪਿੰਡਾਂ ਦੇ ਸਰਪੰਚਾਂ ਵੱਲੋਂ ਡਿਪਟੀ ਸਪੀਕਰ ਰੋੜੀ ਦਾ ਵਿਸ਼ੇਸ਼ ਧੰਨਵਾਦ ਕਰਦੇ ਇਹ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਉਪਰਾਲੇ ਸਾਡੀ ਆਮ ਜਨਤਾ ਲਈ ਆਸ਼ਾ ਦੀ ਕਿਰਣ ਹਨ। ਡਿਪਟੀ ਸਪੀਕਰ ਰੌੜੀ ਵੱਲੋਂ ਹਮੇਸ਼ਾ ਹਲਕੇ ਦੀਆਂ ਲੋੜਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਅਸੀਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਇਸ ਉਪਰਾਂਤ ਡਿਪਟੀ ਸਪੀਕਰ ਰੋੜੀ ਨੇ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ। ਅਸੀਂ ਸ. ਭਗਵੰਤ ਸਿੰਘ ਮਾਨ , ਮੁੱਖ ਮੰਤਰੀ, ਪੰਜਾਬ ਦੀ ਅਗਵਾਈ ਹੇਠ ਪੰਜਾਬ ਨੂੰ ਤਰੱਕੀ ਦੀ ਨਵੀਂ ਉਚਾਈਆਂ ਤੱਕ ਲੈ ਕੇ ਜਾਣ ਲਈ ਵਚਨਬੱਧ ਹਾਂ। ਹਰੇਕ ਵਾਅਦੇ ਨੂੰ ਪੂਰਾ ਕਰਨਾ ਸਾਡੀ ਜ਼ਿੰਮੇਵਾਰੀ ਹੈ ਅਤੇ ਪੰਜਾਬ ਅਤੇ ਹਲਕੇ ਦੀ ਤਰੱਕੀ ਲਈ, ਲਈ ਮੈਂ ਸਦਾ ਉਪਲਬਧ ਹਾਂ।

# ਨਿਊ ਯੌਰਕ ਵਿੱਖੇ ਇਟਰਨੈਸ਼ਨਲ ਬੋਧੀਸਤੱਵ ਗੁਰੂ ਰਵੀਦਾਸ ਆਰਗੇਨਾਈਜੇਸਨ

## ਇੰਕ ਵੱਲੋ ਯੂਨਾਇਟੇਡ ਨੇਸ਼ਨ ਸਾਹਮਣੇ ਸ਼ਾਂਤੀ ਮਾਰਚ ਕੀਤਾ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਜੂਨ INTERNATIONAL PAPER, 94636 01616 hardipchumber57@gmail.com

ਨਿਊ ਯੌਰਕ :- ਅਮਰੀਕਾ ਦੇ ਮੰਨੇ ਪ੍ਰਮੰਨੇ ਸ਼ਹਿਰ ਨਿਊ ਯੌਰਕ ਵਿੱਖੇ ਅੰਬੇਡਕਰਾਈਟਸ ਬੋਧੀਆਂ ਵੱਲੋਂ ਇੱਕ ਜੂਨ ਦਿਨ ਐਤਵਾਰ ਨੂੰ ਯੂਨਾਇਟੇਡ ਨੇਸ਼ਨ ਮੂਹਰੇ ਬੋਧ ਗਯਾ ਦੇ ਮਹਾ ਬੋਧੀ ਮਹਾ ਵਿਹਾਰ ਨੂੰ ਲੈ ਕੇ ਸ਼ਾਂਤੀ ਮਾਰਚ ਕੀਤਾ ਗਿਆ ਹੈ ਜਿਸ ਵਿੱਚ ਕਾਫੀ ਦੂਰ ਦੂਰ ਤੋਂ ਸਾਥੀਆਂ ਨੇ ਭਾਗ ਲਿਆ | ਸ਼ਾਂਤੀ ਮਾਰਚ ਵਿੱਚ ਬੁਲਾਰਿਆਂ ਨੇ ਬੋਲਦਿਆਂ ਮੰਨੂਵਾਦੀ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਬੋਧੀਆਂ ਦੇ ਜੋ ਧਾਰਮਿਕ ਸਥਾਨ ਸੰਵਿਧਾਨਿਕ ਤੌਰ ਉੱਤੇ ਬੋਧੀਆਂ ਦੇ ਕੋਲ ਹੋਣੇ ਚਾਹੀਦੇ ਸਨ , ਪਰ ਮਨੂੰਵਾਦੀ ਸਰਕਾਰਾਂ ਨੇ ਭਾਰਤ ਵਿੱਚ ਦੇਸ਼ ਅਜਾਦ ਹੋਣ ਤੋਂ ਬਾਅਦ ਵੀ ਬੋਧੀਆਂ ਦੇ ਧਾਰਮਿਕ ਸਥਾਨ ਆਪਣੇ ਕਬਜੇ ਵਿੱਚ ਰੱਖੇ ਹੋਏ ਹਨ,ਉਹ ਧਾਰਮਿਕ ਸਥਾਨ ਜਲਦੀ ਤੋਂ ਜਲਦੀ ਬੋਧੀਆਂ ਦੇ ਹਵਾਲੇ ਕੀਤੇ ਜਾਣ ,ਨਹੀ ਕਰਨ ਦੀ ਸੂਰਤ ਵਿੱਚ ਬੋਧੀਆਂ ਵਿੱਚ ਰੋਸ ਪੈਦਾ ਹੋ ਸਕਦਾ ਹੈ ਜਿਸ ਦੇ ਸਿੱਟੇ ਵਜੋਂ ਭਾਰਤ ਵਿੱਚ ਹਾਲਾਤ ਵਿਗੜ ਸਕਦੇ ਹਨ |ਅਸੀ ਭਾਰਤ ਸਰਕਾਰ ਨੂੰ ਯੂਨਾਇਟੇਡ ਨੇਸ਼ਨ ਦੁਆਰਾ



ਅਪੀਲ ਕਰਦੇ ਹਾਂ ਕਿ ਜਲਦੀ ਤੋਂ ਜਲਦੀ ਇਸ ਵਿਸ਼ੇ ਉੱਪਰ ਵਿਚਾਰ ਕਰਕੇ ਪੁਰਾਣੇ ਕਾਨੂੰਨ ਭੰਗ ਕਰਕੇ ਨਵੇਂ ਕਨੂੰਨਾਂ ਤਹਿਤ ਬੋਧੀਆਂ ਦੇ ਆਪਣੇ ਧਾਰਮਿਕ ਸਥਾਨ ਉਨ੍ਹਾਂ ਦੇ ਹਵਾਲੇ ਕੀਤੇ ਜਾਣ ਅਸੀ ਆਪ ਜੀ ਦੇ ਧੰਨਵਾਦੀ ਹੋਵਾਂਗੇ |ਬੁਲਾਰਿਆਂ ਨੇ ਕਿਹਾ ਕਿ ਜੇਕਰ ਜਲਦੀ ਤੋਂ ਜਲਦੀ ਬੋਧੀਆਂ ਦੇ ਧਾਰਮਿਕ ਸਥਾਨ ਉਨ੍ਹਾਂ ਨੂੰ ਨਾ ਮਿਲੇ ਤਾ ਅਸੀ ਜਲਦੀ ਹੀ ਇੰਟਰਨੈਸ਼ਨਲ ਕੋਰਟ ਦਾ ਦਰਵਾਜਾ ਖੜਕਾਵਾਂਗੇ

# ਮੋਹਾਲੀ ਪੁਲਿਸ ਨੇ ਲਾਲੜੂ ਖੇਤਰ ਦੇ 2 ਨਸ਼ਾ ਤਸਕਰ ਦੀ ਜਾਇਦਾਦ ਕੀਤੀ ਫ੍ਰੀਜ਼

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਫਗਵਾੜਾ 2 ਜੂਨ (ਸ਼ਿਵ ਕੌੜਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ, ਗੌਰਵ ਯਾਦਵ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ ਰਾਜ ਵਿਆਪੀ ਮੁਹਿੰਮ “ਯੁੱਧ ਨਸ਼ਿਆਂ ਵਿਰੁੱਧ” ਦੀ ਲਗਾਤਾਰਤਾ ਵਿੱਚ, ਜ਼ਿਲ੍ਹਾ ਐਸ ਏ ਐਸ ਨਗਰ ਪੁਲਿਸ ਨੇ ਡੀ ਆਈ ਜੀ ਰੋਪੜ ਰੇਂਜ, ਹਰਚਰਨ ਸਿੰਘ ਭੁੱਲਰ ਦੇ ਨਿਰਦੇਸ਼ਾਂ ‘ਤੇ ਕਾਰਵਾਈ ਕਰਦਿਆਂ, ਥਾਣਾ ਲਾਲੜੂ, ਜ਼ਿਲ੍ਹਾ ਐਸ ਏ ਐਸ ਨਗਰ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਲਾਲੜੂ ਖੇਤਰ ਦੇ ਦੋ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ/ਫ੍ਰੀਜ਼ ਕੀਤੀ ਹੈ। ਐਸ ਐਸ ਪੀ ਐਸ ਏ ਐਸ ਨਗਰ, ਹਰਮਨਦੀਪ ਹਾਂਸ ਨੇ ਦੱਸਿਆ ਕਿ ਇਹ ਕਾਰਵਾਈ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ 1985 (ਐਨ ਡੀ ਪੀ ਐਸ) ਦੀ ਧਾਰਾ 68 ਐਫ ਅਧੀਨ ਨਸ਼ਾ ਤਸਕਰੀ ਦੀ ਕਮਾਈ ਵਜੋਂ ਬਣਾਈ ਜਾਇਦਾਦ ਤੇ ਕੀਤੀ ਗਈ ਹੈ। ਐਸ ਐਸ ਪੀ ਨੇ ਅੱਗੇ ਦੱਸਿਆ ਕਿ ਥਾਣਾ ਲਾਲੜੂ ਦੀ ਟੀਮ ਨੇ ਮੁਲਜ਼ਮ ਜਸਵੰਤ ਪਾਲ ਸਿੰਘ ਅਤੇ ਜਸਵੀਰ ਸਿੰਘ, ਦੋਵੇਂ ਵਾਸੀ ਸਦਰਪੁਰਾ ਮੁਹੱਲਾ, ਲਾਲੜੂ ਤੋਂ 4 ਕੁਇੰਟਲ ਅਤੇ 48 ਕਿਲੋਗ੍ਰਾਮ ਭੁੱਕੀ ਬਰਾਮਦ ਕੀਤੀ ਸੀ। “ਉਨ੍ਹਾਂ ਵਿਰੁੱਧ 16.04.2020 ਨੂੰ ਐਨ ਡੀ ਪੀ ਐਸ ਐਕਟ ਦੀ ਧਾਰਾ 15/61 ਅਧੀਨ, ਐਫ ਆਈ ਆਰ ਨੰਬਰ 82, ਥਾਣਾ ਲਾਲੜੂ ਵਿਖੇ ਦਰਜ ਕੀਤੀ ਗਈ ਸੀ। ਮਾਮਲੇ ਦੇ ਵਿੱਤੀ ਪਹਿਲੂ ਦੀ ਪੈਰਵੀ ਕਰਦੇ ਹੋਏ, ਐਸ ਐਚ ਓ ਲਾਲੜੂ ਅਤੇ ਉਨ੍ਹਾਂ ਦੀ ਟੀਮ ਨੇ ਲਗਾਤਾਰ ਕੋਸ਼ਿਸ਼ਾਂ ਨਾਲ ਦੋਸ਼ੀ ਜਸਵੀਰ ਸਿੰਘ ਅਤੇ ਸ਼੍ਰੀਮਤੀ ਸਵਿਤਾ ਪਾਲ ਪਤਨੀ ਦੋਸ਼ੀ ਜਸਵੰਤ ਪਾਲ ਸਿੰਘ ਦੇ ਨਾਮ ‘ਤੇ ਲਾਲੜੂ ਵਿੱਚ ਸਥਿਤ 130 ਵਰਗ ਗਜ਼ ਦੇ ਇੱਕ ਘਰ ਦੀ ਸ਼ਨਾਖ਼ਤ ਕੀਤੀ, ਜਿਸਦੀ ਕੀਮਤ 22.44 ਲੱਖ ਰੁਪਏ ਹੈ। ਮਾਮਲੇ ਦੀ ਪੂਰੀ ਜਾਂਚ ਕਰਨ ਅਤੇ ਮਾਲ ਵਿਭਾਗ ਤੋਂ ਵੇਰਵੇ ਹਾਸਲ ਕਰਨ ਤੋਂ ਬਾਅਦ, ਉਕਤ ਘਰ ਦੀ ਤਸਦੀਕ ਕੀਤੀ ਗਈ ਅਤੇ ਜਾਇਦਾਦ ਨੂੰ ਜ਼ਬਤ ਕਰਨ ਅਤੇ ਫ੍ਰੀਜ਼ ਕਰਨ ਦੇ ਸੰਬੰਧ ਵਿੱਚ ਮਾਮਲਾ ਸਮਰੱਥ ਅਥਾਰਟੀ, ਨਵੀਂ ਦਿੱਲੀ ਦੇ ਦਫ਼ਤਰ ਨੂੰ ਭੇਜਿਆ ਗਿਆ। ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ, ਥਾਣਾ ਲਾਲੜੂ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਟੀਮ ਵੱਲੋਂ, ਸਮਰੱਥ ਅਥਾਰਟੀ ਅਤੇ ਸਮਗਲਰਜ਼ ਐਂਡ ਫਾਰੇਨ ਐਕਸਚੇਂਜ ਮੈਨੀਪੁਲੇਟਰ (ਫੋਰਫੀਚਰ ਆਫ਼ ਪ੍ਰਾਪਰਟੀ) ਐਕਟ 1976 ਰਾਹੀਂ ਐਨ ਡੀ ਪੀ ਐਸ ਐਕਟ ਦੀ ਧਾਰਾ 68 ਐੱਫ ਤਹਿਤ ਉਕਤ ਘਰ ਨੂੰ ਜ਼ਬਤ/ਫ੍ਰੀਜ਼ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ। ਐਸ ਐਸ ਪੀ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਐਸ ਏ ਐਸ ਨਗਰ ਪੁਲਿਸ ਦੁਆਰਾ ਐਨ ਡੀ ਪੀ ਐਸ ਐਕਟ ਦੀ ਧਾਰਾ 68 ਐੱਫ ਦੇ ਤਹਿਤ ਨਸ਼ੀਲੇ ਪਦਾਰਥਾਂ ਦੇ ਹੋਰ ਤਸਕਰਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਵਾਉਣ ਲਈ ਵੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ

# ਧਾਲੀਵਾਲ ਨੇ ਸੰਵਿਧਾਨ ਬਚਾਓ ਰੈਲੀ ਸਫਲ ਬਨਾਉਣ ਲਈ ਵਰਕਰਾਂ-ਸਮਰਥਕਾਂ ਦਾ ਕੀਤਾ ਧੰਨਵਾਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com

ਫਗਵਾੜਾ 2 ਜੂਨ (ਸ਼ਿਵ ਕੌੜਾ) ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਐਮ.ਐਲ.ਏ. ਫਗਵਾੜਾ ਨੇ ਕਾਂਗਰਸ ਪਾਰਟੀ ਦੀ ‘ਸੰਵਿਧਾਨ ਬਚਾਓ’ ਰੈਲੀ ਨੂੰ ਸਫਲ ਬਨਾਉਣ ਲਈ ਜਿਲ੍ਹਾ ਕਪੂਰਥਲਾ ਦੇ ਸਮੂਹ ਬਲਾਕ ਪ੍ਰਧਾਨਾਂ, ਮਹਿਲਾ ਵਿੰਗ, ਯੂਥ ਵਿੰਗ, ਇੰਟਕ ਵਰਕਰਾਂ, ਵਿਦਿਆਰਥੀ ਵਿੰਗ, ਕੌਂਸਲਰਾਂ, ਸਾਬਕਾ ਕੌਂਸਲਰਾਂ, ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਪਾਰਟੀ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਨ ਵਾਲੇ ਸਾਰੇ ਵਰਕਰਾਂ ਅਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਐਤਵਾਰ ਦੀ ਰੈਲੀ ‘ਚ ਜਿਲ੍ਹੇ ਭਰ ਤੋਂ ਪਹੁੰਚੇ ਕਾਂਗਰਸ ਪਾਰਟੀ ਦੇ ਵਰਕਰਾਂ-ਸਮਰਥਕਾਂ ਦੇ ਹੜ੍ਹ ਨੇ ਸਪਸ਼ਟ ਕਰ ਦਿੱਤਾ ਹੈ ਕਿ ਲੋਕ ਹੁਣ ਜਿੱਥੇ ਭਾਜਪਾ-ਆਰ. ਐਸ.ਐਸ. ਦੀ ਸੰਵਿਧਾਨ ਵਿਰੋਧੀ ਨੀਯਤ ਨੂੰ ਸਮਝ ਰਹੇ ਹਨ, ਉੱਥੇ ਹੀ ਪੰਜਾਬ ਦੀ ਆਪ ਪਾਰਟੀ ਸਰਕਾਰ ਤੋਂ ਵੀ ਲੋਕਾਂ ਦਾ ਵਿਸ਼ਵਾਸ ਖਤਮ ਹੋ ਗਿਆ ਹੈ, ਕਿਉਂਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੋਂ ਉਤਾਰ ਦਿੱਤਾ ਹੈ ਅਤੇ ਕੋਈ ਗਾਰੰਟੀ ਪੂਰੀ ਨਹੀਂ ਕੀਤੀ ਗਈ ਬਲਕਿ ਪੰਜਾਬ ‘ਚ ਕਾਨੂੰਨ ਵਿਵਸਥਾ ਇਕ ਵੱਡਾ ਸਵਾਲ ਬਣ ਗਈ ਹੈ। ਉਹਨਾਂ ਦਾਅਵੇ



ਨਾਲ ਕਿਹਾ ਕਿ ਵਰਕਰਾਂ ‘ਤੇ ਸਮਰਥਕਾਂ ਦੇ ਜੋਸ਼ ਸਦਕਾ ਕਾਂਗਰਸ ਪਾਰਟੀ 2027 ‘ਚ ਪੰਜਾਬ ਅਤੇ ਫਿਰ 2029 ‘ਚ ਕੇਂਦਰ ਦੀ ਸੱਤਾ ਤੇ ਕਾਬਿਜ ਹੋਣ ਜਾ ਰਹੀ ਹੈ।

# ਸਿੱਖਿਆ ਦੇ ਖੇਤਰ ਵਿੱਚ ਕੁੜੀਆਂ ਨੇ ਮੁੰਡਿਆਂ ਨੂੰ ਪਛਾੜਿਆ : ਸੁਰਿੰਦਰ ਕੌਰ ਜ਼ੀਰਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਜ਼ੀਰਾ 2 ਜੂਨ ( ਅੰਗਰੇਜ਼ ਬਰਾੜ ) - ਹਰ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਉਂਦੇ ਦਸਵੀਂ ਅਤੇ ਬਾਰਵੀਂ ਦੇ ਨਤੀਜਿਆਂ ਵਿੱਚ ਹਮੇਸ਼ਾ ਕੁੜੀਆਂ ਮੋਹਰੀ ਹੁੰਦੀਆਂ ਹਨ। ਸਿੱਖਿਆ ਦੇ ਖੇਤਰ ਵਿੱਚ ਕੁੜੀਆਂ ਨੇ ਮੁੰਡਿਆਂ ਨੂੰ ਪਛਾੜ ਦਿੱਤਾ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮੈਡਮ ਸੁਰਿੰਦਰ ਕੌਰ ਜ਼ੀਰਾ ਨੇ ਜੀਰਾ ਵਿਖੇ ਪੱਤਰਕਾਰਾਂ ਕੇਲ ਕੀਤਾ। ਉਹਨਾਂ ਕਿਹਾ ਕਿ ਜਿਲਾ ਫਿਰੋਜ਼ਪੁਰ ਦੀ ਇੱਕ ਪਲਸ ਟੂ ਦੀ ਵਿਦਿਆਰਥਣ ਸਤਵੀਰ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਜਿਲਾ ਫਿਰੋਜਪੁਰ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾ ਇਹ ਵੀ ਕਿਹਾ ਕਿ ਅੱਜ ਕੁੜੀਆਂ ਸਿੱਖਿਆ ਦੇ ਨਾਲ - ਨਾਲ ਹਰ ਖੇਤਰ ਵਿੱਚ ਮੁੰਡਿਆਂ ਦੇ ਬਰਾਬਰ ਹਨ। ਉਹਨਾਂ ਕਿਹਾ ਕਿ ਅਜੋਕੇ ਯੁੱਗ ਵਿੱਚ ਕੁੜੀਆਂ ਹੋਰ ਖੇਤਰਾਂ ਦੇ ਵਿੱਚ ਆਪਣਾ ਤੇ ਆਪਣੇ ਮਾਂ ਬਾਪ ਦਾ ਨਾਮ ਰੌਸ਼ਨ ਕਰਨ ਦੇ ਨਾਲ ਪੜ ਲਿਖ ਕੇ ਦੇਸ਼ ਦੀ ਰੱਖਿਆ ਲਈ ਆਰਮੀ ਅਤੇ ਪੰਜਾਬ ਪੁਲਿਸ ਵਿੱਚ ਵੀ ਭਰਤੀ ਹੋ ਰਹੀਆਂ ਹਨ। ਉਹਨਾ ਅੱਗੇ ਕਿਹਾ ਕਿ ਕੁੜੀਆਂ ਪੜ੍ਹਨ ਵਿੱਚ ਮੁੰਡਿਆਂ ਨਾਲੋਂ ਹੁਸ਼ਿਆਰ ਹੁੰਦੀਆਂ ਹਨ, ਸਾਨੂੰ ਕੁੜੀਆਂ ਨੂੰ ਸਿੱਖਤ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸੁਰਿੰਦਰ ਕੌਰ ਜੀਰਾ ਨੇ ਅੱਗੇ ਕਿਹਾ ਕਿ ਜੇਕਰ ਸਾਡੀਆਂ ਬੱਚੀਆਂ ਪੜ੍ਹ ਲਿਖ ਜਾਣਗੀਆਂ ਤਾਂ ਸਮਾਜ ਵਿੱਚ ਵੱਡਾ ਸੁਧਾਰ ਹੋਵੇਗਾ। ਉਹਨਾਂ ਕਿਹਾ ਕਿ ਅੱਜ ਦੀ ਔਰਤ ਡਾਕਟਰ, ਜੱਜ਼, ਅਧਿਆਪਕ, ਪੱਤਰਕਾਰ, ਐਡਵੋਕੇਟ, ਪਾਈਲਟ ਇੱਥੋਂ ਤੱਕ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਵੀ ਪਹੁੰਚ ਚੁੱਕੀ ਹੈ।

# ਸੋਸਾਇਟੀ ਦੇ ਯਤਨ ਸਿੱਖਿਆ ਦੇ ਖੇਤਰ ਵਿੱਚ ਇੱਕ ਸਕਾਰਾਤਮਕ ਪਹਿਲਕਦਮੀ ਹਨ - ਚੱਬੇਵਾਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



ਫਗਵਾੜਾ 2 ਜੂਨ (ਸ਼ਿਵ ਕੌੜਾ) ਸਵੱਛਤਾ ਅਭਿਆਨ ਸੋਸਾਇਟੀ ਫਗਵਾੜਾ ਰਜਿ., ਯੂਨਾਈਟਿਡ ਅਕਾਊਂਟੈਂਟਸ ਐਸੋਸੀਏਸ਼ਨ ਫਗਵਾੜਾ ਰਜਿ. ਅਤੇ ਸ਼ਿਵਾਲਾ ਦਮੋਦਰਦਾਸ ਮੰਦਰ ਕਮੇਟੀ ਦੇ ਸਾਂਝੇ ਪ੍ਰਬੰਧ ਹੇਠ ਸ਼ਿਵਾਲਾ ਦਮੋਦਰਦਾਸ ਮੰਦਰ ਪਰਿਸਰ, ਸਿਨੇਮਾ ਰੋਡ, ਫਗਵਾੜਾ ਵਿਖੇ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਫਗਵਾੜਾ ਸ਼ਹਿਰ ਦੇ ਵੱਖ-ਵੱਖ ਸਕੂਲਾਂ ਤੋਂ ਬਾਰ੍ਹਵੀਂ ਜਮਾਤ ਦੇ ਕਾਮਰਸ ਸਟ੍ਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ “ਅਕਾਦਮਿਕ ਉੱਤਮਤਾ ਪੁਰਸਕਾਰ” ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਰਾਜਕੁਮਾਰ ਚੱਬੇਵਾਲ, ਐਮ.ਪੀ. ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਉਨ੍ਹਾਂ ਦੇ ਨਾਲ ਫਗਵਾੜਾ ਦੇ ਮੇਅਰ ਸ਼੍ਰੀ ਰਾਮ ਪਾਲ ਉੱਪਲ ਅਤੇ ਪਦਮ ਦੇਵ ਸੁਧੀਰ ਨਿੱਕਾ ਜੀ ਵਿਸ਼ੇਸ਼ ਮਹਿਮਾਨਾਂ ਵਜੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਸ਼੍ਰੀ ਮਹਿੰਦਰ ਪਾਲ ਸੇਠੀ ਅਤੇ ਮੈਡਮ ਤ੍ਰਿਪਤਾ ਸੇਠੀ ਨੇ ‘ਗੈਸਟ ਆਫ ਓਨਰ’ ਵਜੋਂ ਸ਼ਿਰਕਤ ਕੀਤੀ। ਪਿਰਾਮਿਡ ਕਾਲਜ ਦੇ ਡਾਇਰੈਕਟਰ ਸ਼੍ਰੀ ਵਿਵੇਕ ਮਿੱਤਲ ਅਤੇ ਸ਼੍ਰੀ ਅਤਿੰਦਰਪਾਲਜੀਤ ਸਿੰਘ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਪ੍ਰੋਗਰਾਮ ਦੇ ਆਯੋਜਨ ਵਿੱਚ ਸਹਿਯੋਗ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਰਿਬਨ ਕੱਟ ਕੇ ਕੀਤੀ ਗਈ, ਜਿਸ ਤੋਂ ਬਾਅਦ ਮਹਿਮਾਨਾਂ ਦਾ ਸਵਾਗਤ ਫੁੱਲਾਂ ਦੇ ਹਾਰ ਪਾ ਕੇ ਕੀਤਾ ਗਿਆ। ਧਾਰਮਿਕ ਭਾਵਨਾਵਾਂ ਨਾਲ ਭਰੇ ਇਸ ਪ੍ਰੋਗਰਾਮ ਵਿੱਚ, ਭਵਨੀ ਢੀਂਗਰਾ ਨੇ ਇੱਕ ਸੁੰਦਰ ਧਾਰਮਿਕ ਕੋਰਿਓਗ੍ਰਾਫੀ ਪੇਸ਼ ਕੀਤੀ, ਜਦ ਕਿ ਬ੍ਰਹਮਾਕੁਮਾਰੀ ਸੰਸਥਾਨ ਦੀ ਭੈਣ ਨੇਹਾ ਓਬਰਾਏ ਨੇ ਬੱਚਿਆਂ ਨੂੰ ਜੀਵਨ ਹੁਨਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਵਿੱਚ, ਛੋਟੇ ਜੈਵਿਸ਼ ਨੇ ਆਪਣੀ ਢੋਲ ਵਜਾਉਣ ਦੀ ਕਲਾ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ, ਜਦੋਂ ਕਿ ਉਸਦੀ ਮਾਂ ਨੇ ਰੂਹਾਨੀ ਭਜਨ ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਇਸ ਤੋਂ ਬਾਅਦ, ਫਗਵਾੜਾ ਦੇ ਨਾਮਵਰ ਵਿਦਿਅਕ ਸੰਸਥਾਵਾਂ - ਸਵਾਮੀ ਸੰਤ ਦਾਸ ਪਬਲਿਕ ਸਕੂਲ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਸ਼੍ਰੀ ਮਹਾਂਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸਕੂਲ ਆਫ਼ ਐਮੀਨੈਂਸ, ਕਮਲਾ ਨਹਿਰੂ ਕਾਲਜ, ਸੈਫਰਨ ਪਬਲਿਕ ਸਕੂਲ, ਐਸ.ਡੀ. ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ, ਐਸ.ਡੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਅਤੇ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਸ਼ੀਲਡਾਂ, ਪੌਦੇ ਅਤੇ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੈਡਮ ਅਨਮੋਲਦੀਪ ਕੌਰ ਨੇ ਸਮਾਗਮ ਦਾ ਸੰਚਾਲਨ ਬਹੁਤ ਵਧੀਆ ਢੰਗ ਨਾਲ ਕੀਤਾ। ਪ੍ਰੋਗਰਾਮ ਦੇ ਆਯੋਜਨ ਦਾ ਉਦੇਸ਼ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਸਮਾਜ ਦੇ ਸਾਹਮਣੇ ਲਿਆਉਣਾ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਸੀ। ਸਾਰੇ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਜਿਹੇ ਸਮਾਗਮਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਇੱਕ ਸਕਾਰਾਤਮਕ ਪਹਿਲ ਦੱਸਿਆ। ਅਸ਼ੀਸ਼ ਗਾਂਧੀ ਨੇ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਬੱਚਿਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਦਾ ਉਦੇਸ਼ ਪੂਰਾ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਜ਼ਿੰਮੇਵਾਰ ਨਾਗਰਿਕ ਬਣ ਸਕਣ। ਇਸ ਦੇ ਨਾਲ ਹੀ ਉਹ ਇੱਕ ਉੱਜਵਲ ਭਵਿੱਖ ਵੱਲ ਉਡਾਣ ਭਰ ਸਕਦੇ ਹਨ। ਚੇਅਰਮੈਨ ਮਦਨ ਮੋਹਨ ਖੱਟਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ

# ਨੂਰ-ਏ-ਖੁਦਾ ਦਰਬਾਰ ਬਾਬਾ ਮੰਗੂ ਸ਼ਾਹ ਪਿੰਡ ਸਾਹਨੀ ਵਿਖੇ ਜੋੜ ਮੇਲੇ ਦੇ ਦੂਸਰੇ ਦਿਨ ਹੋਈ ਝੰਡੇ ਦੀ ਰਸਮ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 02 ਜੂਨ
INTERNATIONAL PAPER, 94636 01616
hardipchumber57@gmail.com



